# ਅੰਮ੍ਰਿਤ ਕੀਰਤਨ

## ਮਈ 2018



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

## ਗੁਰੂ ਗ੍ਰੰਥ ਸਾਹਿਬ – ਦਸ ਗੁਰੂਆਂ ਦੀ ਜੋਤ

ਗੁਰੂ ਨਾਨਕ, ਅੰਗਦ ਗੁਰੂ, ਅਮਰਦਾਸ, ਰਾਮਦਾਸ,

ਅਰਜਨ, ਹਰ ਗੋਬਿੰਦ ਨੋਂ ਬਿਨੈ ਕਰੋਂ ਅਰਦਾਸ।

ਹਰੀ ਰਾਏ, ਹਰ ਕ੍ਰਿਸ਼ਨ ਜੀ, ਤੇਗ ਬਹਾਦੁਰ ਜਾਨ,

ਦਸਮ ਗੁਰੂ ਗੋਬਿੰਦ ਸਿੰਘ, ਖੜਾ ਦੁਆਰੇ ਆਨ।

ਦਸ ਗੁਰੂਉਂ ਕੀ ਜੋਤ ਇਕ, ਗੁਰੂ ਗ੍ਰੰਥ ਸਰੂਪ,

ਮਹਿਮਾ ਪਾਰਾਵਾਰ ਤੇ ਉਪਮਾਂ ਬਹੁਤ ਅਨੂਪ।

ਸਾਧ ਸੰਗਤ ਗੁਰੂ ਤੁਲ ਹੈ, ਬਿਨੈਂ ਕਰੋਂ ਕਰ ਜੋੜ,

ਭੁੱਲ ਚੁੱਕ ਮੇਰੀ ਬਖ਼ਸ਼ਿਉ, ਤੱਕੋ ਸੰਤੋਖ ਜੇ ਥੋੜ।



## गुरु ग्रंथ साहिब – दस गुरुआँ दी जोत

गुरु नानक, अंगद गुरु, अमरदास, रामदास,

अर्जुन, हरि गोबिंद नों बिनै करों अर्दास।

हरि राए, हरि किशन जी, तेग बहादर जान,

दशम गुरु गोबिंद सिंह, खड़ा द्वारे आन।

दस गुरुओं की जोत इक, गुरु ग्रंथ सरूप,

महिमा पारावार ते उपमाँ बहुत अनूप।

साध संगत गुरू तुल है, बिनै करों कर जोड़,

भुल चुक मेरी बखशियो, तक्को संतोख जे थोड़।

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

## ਇਸ ਅੰਕ ਵਿਚ


| | |
|---|---|
| ਸੰਪਾਦਕੀ: ਕਰਉ ਬੇਨੰਤੀਆ: ਤੁਧੁ ਸਭੁ ਕਿਛੁ ਮੈਨੋ ਸਉਪਿਆ | 2 |
| ਸੁਰਲਿਪੀ ਵਾਲੇ ਸ਼ਬਦ ਦੇ ਅਰਥ | 3 |
| ਗੁਰਮਤਿ ਸੰਗੀਤ ਵਿਚ ਰਾਗ ਆਸਾ: ਡਾ. ਗੁਰਨਾਮ ਸਿੰਘ | 4 |
| ਸਤਰੰਗੀ ਸਾਧਨਾ–ਸੰਗੀਤ: ਕਰਤਾਰ ਸਿੰਘ ਨੀਲਧਾਰੀ | 7 |
| 'ਸੰਗੀਤ ਦਾ ਜੜ੍ਹ–ਚੇਤਨ 'ਤੇ ਮਨੋਵਿਗਿਆਨਿਕ ਪਰਭਾਵ: ਡਾ. ਰਾਜੇਸ਼ ਕੁਮਾਰ | 9 |
| ਕਾਨਸੈਪਟ ਆਫ਼ ਸਾਧ ਸੰਗਤ ਇਨ ਸਿਖਇਜ਼ਮ – ਰੀਵੀਉਕਾਰ : ਡਾ. ਹਰਪ੍ਰੀਤ ਕੌਰ | 14 |
| ਗੁਰਬਾਣੀ ਲਈ ਕੰਪਿਯੂਟਰ ਦਾ ਪ੍ਰਯੋਗ: ਡਾ. ਸੋਨਦੀਪ ਮੋਂਗਾ | 18 |



**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ),
ਪੀਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ ਅਤੇ ਨਵਤੇਜ ਸਿੰਘ


- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

### ਚੰਦੇ ਦਾ ਵੇਰਵਾ

- ਇਕ ਕਾਪੀ: 15 ਰੁਪਏ
- ਦੇਸ਼ ਸਾਲਾਨਾ ਚੰਦਾ: 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼: ਸਾਲਾਨਾ ਚੰਦਾ INR 1500
- 'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ, ਚੰਡੀਗੜ੍ਹ-160015
ਫ਼ੋਨ: 0172-2772660, 098140 53630
e-mail: drjagirsingh@gmail.com
Website: http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫ਼ਟ "ਅੰਮ੍ਰਿਤ ਕੀਰਤਨ ਟ੍ਰਸਟ" ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of India, Sector 22-B, Chandigarh Branch ਵਿਚ AMRIT KIRTAN TRUST ਦੇ A/C 65079603302, IFSC: SBIN0050240 ਵਿਚ ਸਿੱਧਾ ਜਮ੍ਹਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity.

Cheques should be sent in the name of AMRIT KIRTAN TRUST payable at Chandigarh. Donations also can be sent by money order at the address: AMRIT KIRTAN TRUST (Regd.), 422, Sector 15-A. Chandigarh-160015

ਕਰਉ ਬੇਨੰਤੀਆ

# ਤੁਧੁ ਸਭੁ ਕਿਛੁ ਮੈਨੋ ਸਉਪਿਆ

ਮੇਰੇ ਮਿੱਤਰ ਮਨਿੰਦਰ ਸਿੰਘ ਯੂਨੀਵਰਸਿਟੀ ਤੋਂ ਰਿਟਾਇਰ ਹੋਏ ਹਨ। ਉਹ ਅਜਕਲ੍ਹ ਮੇਰੇ ਮੋਬਾਇਲ ਮਿੱਤਰ ਹਨ। ਪਰ ਉਹਨਾਂ ਨਾਲ ਪੁਰਾਣੀਆਂ ਮਿਠੀਆਂ ਯਾਦਾਂ ਜੁੜੀਆਂ ਹੋਈਆਂ ਹਨ। ਜਿਹਨਾਂ ਨੂੰ ਸੋਚ ਕੇ ਹੁਣ ਵੀ ਇੱਕ ਖੁਮਾਰ ਜਿਹਾ ਆ ਜਾਂਦਾ ਹੈ। ਇੱਕ ਦਿੱਨ ਮੈਨੂੰ ਫੋਨ ਆਇਆ ਤੇ ਉਹਨਾਂ ਮੇਰੀ ਪਹਿਲੀ ਕੈਸਟ ਵਿੱਚ ਰਿਕਾਰਡ ਕੀਤਾ ਸ਼ਬਦ – ਸੁਣ ਸਖੀਏ ਮੇਰੀ ਨੀਂਦ ਭਲੀ – ਵ੍ਹਟਸਐਪ ਤੇ ਭੇਜਣ ਲਈ ਕਿਹਾ। ਜਦੋਂ ਉਹਨਾਂ ਮੈਨੂੰ ਦੱਸਿਆ ਕਿ ਇਸ ਕੈੱਸਟ ਨਾਲ ਉਹਨਾਂ ਦੀਆਂ ਅਤੇ ਉਹਨਾਂ ਦੇ ਮਿੱਤਰਾਂ ਦੀਆਂ ਕਈ ਵੰਨਸੁਵੰਨੀਆਂ ਯਾਦਾਂ ਜੁੜੀਆਂ ਹੋਈਆਂ ਹਨ ਤਾਂ ਮੈਂ ਹੈਰਾਨ ਰਹਿ ਗਿਆ। ਇਹ ਉਹ ਖੂਬਸੂਰਤ ਵੱਡੀਆਂ ਸ਼ਖਸੀਅਤਾਂ ਹਨ ਜਿਹਨਾਂ ਨਾਲ ਬੈਠਣ ਅਤੇ ਗੱਲਬਾਤ ਕਰਨ ਦੇ ਉਦੋਂ ਮੈਂ ਸੁਪਨੇ ਲੈਂਦਾ ਹੁੰਦਾ ਸਾਂ।ਅੱਜ ਇਹ ਕੁਝ ਸੁਣ ਕੇ ਮੈਨੂੰ ਜਾਪਿਆ ਕਿ ਮੇਰੀ ਮਿਹਨਤ ਸਫਲ ਹੋ ਗਈ।ਭਾਵੇਂ ਇਸ ਕੈੱਸਟ ਨੇ ਮੈਨੂੰ ਦੇਸ ਵਿਦੇਸ ਵਿੱਚ ਬਹੁਤ ਪਿਆਰ ਸਤਿਕਾਰ ਦਵਾਇਆ ਹੈ ਪਰ ਅੱਜ ਤਾਂ ਜਿਵੇਂ ਲਾਟਰੀ ਨਿਕਲ ਆਈ। ਹੁਣ ਇਹਨਾਂ ਨੇ ਮੈਨੂੰ ਆਪਣੇ ਮੋਬਾਈਲ ਗਰੁੱਪ ਵਿੱਚ ਸ਼ਾਮਲ ਕਰ ਲਿਆ ਹੈ। ਇਹਨਾਂ ਦੇ ਭੇਜੇ ਸੁਨੇਹੇ ਮੈਂ ਬਿਨਾਂ ਪੜ੍ਹੇ ਡਿਲੀਟ ਨਹੀਂ ਕਰਦਾ। ਇਹਨਾਂ ਦੇ ਸੁਨੇਹੇ ਇਹਨਾਂ ਵਾਂਗ ਖੂਬਸੂਰਤ ਅਤੇ ਭਾਵਪੂਰਤ ਹੁੰਦੇ ਹਨ। ਪਿਛਲੇ ਦਿਨੀ ਇਹਨਾਂ ਨੇ ਜੋ ਸੁਨੇਹਾ ਭੇਜਿਆ ਉਹ ਅੰਮ੍ਰਿਤ ਕੀਰਤਨ ਦੇ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ------ ਮਿਸਟਰ ਕਿਊਸਟਰ ਕਈ ਸਾਲ ਇੱਕ ਬਹੁਤ ਮੁਸ਼ਕਿਲ ਪ੍ਰਸ਼ਨ ਦਾ ਉੱਤਰ ਲਭਣ ਲਈ ਜੂਝਦੇ ਰਹੇ।ਉਹ ਸ਼ਿਕਾਗੋ ਟਾਈਮਜ਼ ਦੇ ਇੱਕ ਕਾਲਮ ਦੇ ਲੇਖਕ ਹਨ, ਜੋ ਬੱਚਿਆਂ ਨਾਲ ਸਬੰਧਤ ਹੁੰਦਾ ਸੀ।ਪਿਛਲੇ ਦਸ ਸਾਲਾਂ ਵਿੱਚ ਹਜ਼ਾਰਾਂ ਬੱਚਿਆਂ ਨੇ ਉਹਨਾਂ ਨੂੰ ਪੱਤਰ ਲਿਖੇ ਹਨ।ਜਿਸ ਵਿੱਚ ਉਹਨਾਂ ਪੁਛਿਆ ਕਿ ਪਰਮਾਤਮਾ ਚੰਗੇ ਲੋਕਾਂ ਨੂੰ ਇਨਾਮ ਕਿਉਂ ਨਹੀਂ ਦਿੰਦਾ ਅਤੇ ਬੁਰੇ ਲੋਕਾਂ ਨੂੰ ਸਜ਼ਾ ਕਿਉਂ ਨਹੀਂ ਦਿੰਦਾ।ਜਦੋਂ ਵੀ ਕਿਊਸਟਰ ਇਹਨਾਂ ਪੱਤਰਾਂ ਨੂੰ ਵੇਖਦੇ ਤਾਂ ਜਿਵੇਂ ਉਹਨਾਂ ਦੇ ਮਨ ਤੇ ਕੋਈ ਭਾਰ ਪੈ ਜਾਂਦਾ।ਉਹਨਾਂ ਨੂੰ ਸਮਝ ਨਹੀਂ ਸੀ ਆਉਂਦਾ ਕਿ ਉਹ ਇਹਨਾਂ ਪ੍ਰਸ਼ਨਾਂ ਦਾ ਕੀ ਉੱਤਰ ਦੇਣ।ਉਹਨਾਂ ਨੂੰ ਮੈਰੀ ਨਾਮਕ ਇੱਕ ਬੱਚੀ ਦਾ ਪੱਤਰ ਹਮੇਸ਼ਾ ਚੇਤੇ ਆਉਂਦਾ ਹੈ ਜਿਸ ਨੇ 1963 ਵਿੱਚ ਸ਼ਿਕਾਗੋ ਟ੍ਰਿਬਿਊਨ ਵਿੱਚ ਇਹ ਪੱਤਰ ਲਿਖਿਆ ਸੀ ਕਿ ਜਦੋਂ ਉਹ ਡਾਇਨਿੰਗ ਟੇਬਲ ਸੈੱਟ ਕਰਨ ਵਿੱਚ ਆਪਣੀ ਮਾਂ ਦੀ ਮਦਦ ਕਰਦੀ ਸੀ ਤਾਂ ਉਸ ਦੀ ਮਾਂ ਉਸ ਨੂੰ ਕੇਵਲ ਇਹੀ ਕਹਿੰਦੀ ਹੈ –ਚੰਗੀ ਬੱਚੀ– ਪਰ ਉਸ ਦਾ ਭਰਾ ਜੋ ਕੋਈ ਕੰਮ ਨਹੀਂ ਸੀ ਕਰਦਾ ਅਤੇ ਸ਼ਰਾਰਤਾਂ ਵੀ ਕਰਦਾ ਰਹਿੰਦਾ ਸੀ, ਉਸ ਨੂੰ ਬਿਸਕੁਟ ਦਿੱਤੇ ਜਾਂਦੇ ਸਨ। ਇਸ ਲਈ ਉਸ ਨੇ ਲੇਖਕ ਨੂੰ ਪੁੱਛਿਆ ਕਿ ਪਰਮਾਤਮਾ ਇਤਨਾ ਪੱਖਪਾਤੀ ਕਿਉਂ ਹੈ? ਕਿਉ ਉਸ ਵੱਲੋਂ ਜਿਹੇ ਅਨੇਕਾਂ ਚੰਗੇ ਬੱਚੇ ਘਰ ਅਤੇ ਸਕੂਲ ਵਿੱਚ ਭੁਲਾ ਦਿੱਤੇ ਜਾਂਦੇ ਹਨ।ਲੇਖਕ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਮੈਰੀ ਦੇ ਪ੍ਰਸ਼ਨ ਦਾ ਕੀ ਉੱਤਰ ਦੇਵੇ। ਇਹਨਾਂ ਦਿਨਾਂ ਵਿੱਚ ਲੇਖਕ ਨੂੰ ਉਸ ਦੇ ਇੱਕ ਦੋਸਤ ਨੇ ਇੱਕ ਵਿਆਹ ਸਮਾਗਮ ਤੇ ਬੁਲਾਇਆ।ਇਸ ਲਈ ਉਹ ਇਸ ਸਮਾਗਮ ਦਾ ਸਾਰੀ ਉਮਰ ਰਿਣੀ ਰਹੇਗਾ। ਜਦੋਂ ਪਾਦਰੀ ਦੀਆਂ ਰਸਮਾਂ ਖਤਮ ਹੋਈਆਂ ਤਾਂ ਲੜਕੇ ਅਤੇ ਲੜਕੀ ਨੇ ਇੱਕ ਦੂਜੇ ਨੂੰ ਅੰਗੂਠੀਆਂ ਪਹਿਨਾਈਆਂ।ਲੜਕਾ ਅਤੇ ਲੜਕੀ ਖੁਸ਼ੀ ਅਤੇ ਜੋਸ਼ ਵਿੱਚ ਭੁੱਲ ਗਏ ਕਿ ਉਹਨਾਂ ਨੇ ਇਹ ਅੰਗੂਠੀਆਂ ਗਲਤੀ ਨਾਲ ਸੱਜੇ ਹੱਥ ਦੀਆਂ ਉਂਗਲੀਆਂ ਵਿੱਚ ਪਾ ਦਿੱਤੀਆਂ ਹਨ। ਜਦੋਂ ਪਾਦਰੀ ਨੇ ਇਹ ਗਲਤੀ ਵੇਖੀ ਤਾਂ ਗਲਤੀ ਦਰੁਸਤ ਕਰਵਾਉਣ ਲਈ ਉਹਨੇ ਮਖੌਲੀਆ ਅੰਦਾਜ਼ ਵਿੱਚ ਕਿਹਾ – ਸੱਜਾ ਹੱਥ ਤਾਂ ਪਹਿਲਾਂ ਹੀ ਬਹੁਤ ਸੁੰਦਰ ਹੈ ਉਸ ਨੂੰ ਕਿਸੇ ਗਹਿਣੇ ਦੀ ਜ਼ਰੂਰਤ ਨਹੀਂ, ਤੁਹਾਨੂੰ ਖੱਬੇ ਹੱਥ ਨੂੰ ਸਜਾਉਣ ਦੀ ਲੋੜ ਹੈ।– ਪਾਦਰੀ ਦੀ ਇੱਸ ਗੱਲ ਨੇ ਮਿਸਟਰ

ਕਿਊਸਟਰ ਨੂੰ ਜਿਵੇਂ ਝੰਜੋੜ ਦਿੱਤਾ। ਸਾਡਾ ਸੱਜਾ ਹੱਥ ਪਹਿਲਾਂ ਹੀ ਕਮਾਲ ਦਾ ਹੈ ਇਸ ਲਈ ਇਸ ਨੂੰ ਵਖਰੀ ਤਰ੍ਹਾਂ ਨਾਲ ਸਜਾਉਣ ਦੀ ਲੋੜ ਨਹੀਂ।ਬਿਲਕੁਲ ਇਸੇ ਤਰ੍ਹਾਂ ਜਿਹੜੇ ਚੰਗੇ ਬੰਦੇ ਹਨ ਉਹ ਪਹਿਲਾਂ ਹੀ ਚੰਗੇ ਕੰਮ ਕਰ ਰਹੇ ਹਨ ਉਹਨਾਂ ਨੂੰ ਹੋਰ ਉਤਸਾਹਿਤ ਕਰਨ ਦੀ ਲੋੜ ਨਹੀਂ। ਇਸ ਤੋਂ ਬਾਅਦ ਕਿਊਸਕਰ ਇਸ ਨਤੀਜੇ ਤੇ ਪੁੱਜਾ ਕਿ ਚੰਗਾ ਵਿਅਕਤੀ ਬਣਨਾ ਪਰਮਾਤਮਾ ਵੱਲੋਂ ਦਿੱਤਾ ਉਚਤਮ ਤੋਹਫਾ ਹੈ ਜੋ ਉਸ ਨੂੰ ਪ੍ਰਾਪਤ ਹੋਇਆ ਹੈ।ਇਸ ਨਤੀਜੇ ਤੇ ਪੁਜ ਕੇ ਕਿਊਸਟਰ ਬਹੁਤ ਉਤਸ਼ਾਹਿਤ ਹੋਇਆ।ਉਸ ਨੇ ਉਸੇ ਵੇਲੇ ਮੈਰੀ ਨੂੰ ਇੱਕ ਪੱਤਰ ਲਿਖਿਆ ਜਿਸ ਦਾ ਸਿਰਲੇਖ ਸੀ – ਤੁਹਾਨੂੰ ਚੰਗਾ ਬੱਚਾ ਬਣਾਉਣਾ ਹੀ ਪਰਮਾਤਮਾ ਵੱਲੋਂ ਦਿੱਤਾ ਸਭ ਤੋਂ ਕੀਮਤੀ ਤੋਹਫਾ ਹੈ। ਸ਼ਿਕਾਗੋ ਟ੍ਰਿਬਿਊਨ ਵਿੱਚ ਇਸ ਪੱਤਰ ਦੇ ਛਪਣ ਤੋਂ ਤੁਰੰਤ ਬਾਅਦ ਇਸ ਪੱਤਰ ਨੂੰ ਦੇਸ ਵਿਦੇਸ ਦੇ ਹਜ਼ਾਰਾਂ ਅਖਬਾਰਾਂ ਰਿਸਾਲਿਆਂ ਨੇ ਪ੍ਰਕਾਸ਼ਿਤ ਕੀਤਾ।ਇਸ ਤੋਂ ਬਾਅਦ ਹਰ ਸਾਲ ਬਾਲ ਦਿਵਸ ਤੇ ਇਹ ਪੱਤਰ ਕਈ ਅਖਬਾਰਾਂ ਰਿਸਾਲਿਆਂ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ।ਚੰਗਾ ਵਿਅਕਤੀ ਹੋਣਾ ਅਤੇ ਇਸ ਬਦਲੇ ਦੂਜਿਆ ਤੋਂ ਕਿਸੇ ਇਨਾਮ ਦੀ ਆਸ ਨਾ ਰਖਣੀ ਅਸਲ ਵਿੱਚ ਪਰਮਤਾਮਾ ਵੱਲੋਂ ਪ੍ਰਾਪਤ ਹੋਇਆ ਬਹੁਤ ਵੱਡਾ ਇਨਾਮ ਹੈ।ਤੁਸੀਂ ਜੋ ਵੀ ਹੋ ਮਹਾਨ ਹੋ। ਤੁਹਾਨੂੰ ਕਿਸੇ ਉਸਤਤ ਜਾਂ ਸ਼ਲਾਘਾ ਦੀ ਲੋੜ ਨਹੀਂ। ਇਸੇ ਲਈ ਸਾਨੂੰ ਪਰਮਾਤਮਾ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਜਿਸ ਨੇ ਸਾਨੂੰ ਇਹ ਮਾਣ ਬਖਸ਼ਿਆ। ----ਮੈਂ ਵੀ ਆਪਣੇ ਪਰਮ ਮਿੱਤਰ ਮਨਿੰਦਰ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਜਿਹਨਾਂ ਬਾਰੇ ਸੋਚ ਕੇ ਕੁਝ ਹੋਰ ਚੰਗੇਰਾ ਕਰਨ ਨੂੰ ਮਨ ਕਰਦਾ ਹੈ ਅਤੇ ਉਹਨਾਂ ਦੀ ਭੇਜੀ ਇਸ ਕਥਾ ਨੇ ਜੀਵਨ ਨੂੰ ਅਰਥ ਭਰਪੂਰ ਬਣਾ ਦਿੱਤਾ ਹੈ। ਗੁਰਬਾਣੀ ਅਨੁਸਾਰ ਇਹ ਕਹਿਣ ਨੂੰ ਮਨ ਕਰਦਾ ਹੈ – ਤੁਧੁ ਸਭੁ ਕਿਛੁ ਮੈਨੋ ਸਉਪਿਆ--------ਭੁੱਲ ਚੁੱਕ ਖਿਮਾ----



# ਸੁਰਲਿਪੀ ਵਾਲੇ ਸ਼ਬਦ ਦੇ ਅਰਥ

ਆਸਾ ਸੇਖ ਫਰੀਦ ਜੀਉ ਕੀ ਬਾਣੀ ੴ ਸਤਿਗੁਰ ਪ੍ਰਸਾਦਿ ॥
ਦਿਲਹु ਮੁਹਬਤਿ ਜਿੰਨ੍ ਸੇਈ ਸਚਿਆ ॥ ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥ ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥ ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥ ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥੧॥

Aasaa, The Word Of Shaykh Fareed Jee: One Universal Creator God. By The Grace Of The True Guru: They alone are true, whose love for God is deep and heart-felt. Those who have one thing in their heart, and something else in their mouth, are judged to be false. ||1|| Those who are imbued with love for the Lord, are delighted by His Vision. Those who forget the Naam, the Name of the Lord, are a burden on the earth. ||1||Pause|| Those whom the Lord attaches to the hem of His robe, are the true dervishes at His Door. Blessed are the mothers who gave birth to them, and fruitful is their coming into the world. ||2|| O Lord, Sustainer and Cherisher, You are infinite, unfathomable and endless. Those who recognize the True Lord - I kiss their feet. ||3||
I seek Your Protection - You are the Forgiving Lord. Please, bless Shaykh Fareed with the bounty of Your meditative worship. ||4||1||

# ਗੁਰਮਤਿ ਸੰਗੀਤ ਵਿਚ ਰਾਗ ਆਸਾ

* ਡਾ. ਗੁਰਨਾਮ ਸਿੰਘ

ਰਾਗ ਆਸਾ ਸਬੰਧੀ ਗਿਆਨ ਰਤਨਾਵਲੀ ਵਿਚ ਅੰਕਿਤ ਇਕ ਪ੍ਰਸੰਗ ਇਸ ਪ੍ਰਕਾਰ ਹੈ, "... ਤਾਂ ਫਿਰ ਸ਼ੇਖ਼ ਬ੍ਰਹਮ ਕਹਿਆ ਕਿ ਜੋ ਜੀ ਢਾਡੀ ਰਾਜਿਓਂ ਕੀ ਵਾਰ ਗਾਵਤੇ ਹੈਂ, ਅਰ ਕਾਇਰਾਂ ਮੇਂ ਭੀ ਉੱਦਮ ਹੋਇ ਆਵਤਾ ਹੈ। ਤੈਸੇ ਹੀ ਜੋ ਮਹਾਰਾਜ ਕੀ ਵਾਰ ਗਾਵਤੇ ਹੈਂ, ਤਾਂ ਮਹਾਰਾਜ ਭੀ ਪ੍ਰਸੰਨ ਹੋਤੇ ਹੈਂ, ਤਿਨੇਂ ਭੀ ਇੰਦਰੀਓਂ ਕੇ ਜੀਤਨੇ ਕਾ ਉੱਦਮ ਹੋਇ ਆਵਤਾ ਹੈ, ਤਾਂ ਤੇ ਤੁਸੀਂ ਭੀ ਮੈਨੂੰ ਕਾਈ ਪਰਮੇਸਰ ਕੀ ਵਾਰ ਸੁਣਾਵੋ, ਤਾਂ ਬਾਰੇ ਕਹਿਆ ਮਰਦਾਨਿਆ ਕਬੀਰ ਜੀ ਨੇ ਗਉੜੀ ਕੀ ਅਰ ਸਿੱਧੋਂ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆ ਹੈ। ਅਰ ਹਮਾਰੇ ਸਭ ਹੀ ਰਾਗ ਹੈਂ, ਪਰ ਇਹ ਪੀਰ ਆਸਾਵੰਤੀ ਆਇਆ ਹੈ, ਸੋ ਆਸਾ ਕੇ ਰਾਗ ਕੀ ਵਾਰ ਵਿਚ ਵਾਰ ਸੁਣਾਵਹੁ।"

ਉਕਤ ਪ੍ਰਸੰਗ ਤੋਂ ਸੰਤਾਂ ਭਗਤਾਂ ਤੇ ਭਾਰਤੀ ਧਰਮ ਸੰਪਰਦਾਵਾਂ ਵਿਚ ਰਾਗ ਦੇ ਬਹੁਪੱਖੀ ਪ੍ਰਯੋਗ ਤੇ ਮਹੱਤਵ ਸਾਡੇ ਧਿਆਨ ਗੋਚਰ ਹਨ। ਗੁਰੂ ਸਾਹਿਬ ਨੇ ਰਾਗ ਦੀ ਅਪਾਰ ਸ਼ਕਤੀ ਦਾ ਸਦਉਪਯੋਗ ਕਰਦਿਆਂ ਆਪਣੀ ਇਲਾਹੀ ਬਾਣੀ ਦੇ ਪ੍ਰਵਾਹ ਤੇ ਸੰਚਾਰ ਲਈ ਭਰਪੂਰ ਰੂਪ ਵਿਚ ਕੀਤਾ ਹੈ। ਗੁਰੂ ਸਾਹਿਬਾਨ ਦੀ ਸੰਗੀਤ ਪਰੰਪਰਾ ਗੁਰਮਤਿ ਸੰਗੀਤ ਵਿਚ ਆਸਾ ਇਕ ਪ੍ਰਮੁਖ ਰਾਗ ਹੈ। ਸਦੀਆਂ ਤੋਂ ਅੰਮ੍ਰਿਤ ਵੇਲੇ ਰਾਗ ਆਸਾ ਵਿਚ ਆਸਾ ਦੀ ਵਾਰ ਦੀਆਂ ਮਧੁਰ ਸੁਰਾਵਲੀਆਂ ਅਤੇ ਸੰਧਿਆ ਸਮੇਂ ਰਹਿਰਾਸ ਸਾਹਿਬ ਦੇ ਪਾਠ ਤੋਂ ਪਹਿਲਾਂ ਸੋਦਰੁ ਦੀ ਪਉੜੀ ਦਾ ਗਾਇਨ ਸ਼ਬਦ ਕੀਰਤਨ ਪ੍ਰੇਮੀਆਂ ਦੇ ਚੇਤਨ ਅਵ-ਚੇਤਨ ਦਾ ਅਨਿਖੜ ਅੰਗ ਹੈ। ਇਸ ਪਰੰਪਰਾ ਵਿਚ ਗੁਰਮਤਿ ਸੰਗੀਤ ਵਿਚ ਇਸ ਰਾਗ ਦਾ ਬਹੁਪੱਖੀ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸ ਤੋਂ ਇਸ ਸੰਗੀਤ ਪਰੰਪਰਾ ਇਸ ਰਾਗ ਦੇ ਮਹੱਤਵ ਨੂੰ ਭਲੀਭਾਂਤ ਉਜਾਗਰ ਕਰਦਾ ਹੈ। ਇਸ ਰਾਗ ਦਾ ਸਬੰਧ *'ਅਸ'* ਦੇਸ਼ ਨਾਲ ਮੰਨਿਆ ਗਿਆ ਹੈ। *'ਅਸ'* ਦੇਸ ਦੇ ਟੁੰਡੇ ਅਸ ਰਾਜੇ ਦੀ ਵਾਰ ਦੀ ਧੁਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ *'ਆਸਾ ਦੀ ਵਾਰ'* ਉਤੇ ਸਿਰਲੇਖ ਵਜੋਂ ਦਰਸਾਈ ਗਈ ਹੈ ਜੋ ਇਸ ਅੰਤਰ ਸਬੰਧ ਦਾ ਪ੍ਰਤੱਖ ਪ੍ਰਮਾਣ ਹੈ। ਟੁੰਡੇ ਅਸ ਰਾਜੇ ਦੀ ਵਾਰ ਦਾ ਮੂਲ ਕਾਵਿ ਕੁਝ ਇਸ ਪ੍ਰਕਾਰ ਹੈ: *ਭਬਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਵੱਜੇ।*

*ਖਾਨ ਸੁਲਤਾਨ ਬਡ ਸੂਰਮੇ ਵਿੱਚ ਰਣ ਦੇ ਗੱਜੇ।*
*ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹ ਅੱਜੇ।*
*ਟਿਕਾ ਸਾਰੰਗ ਬਾਪ ਨੇ ਦਿਤਾ ਭਰ ਲੱਜੇ।*
*ਫਤੇ ਪਾਇ ਅਸਰਾਇ ਜੀ ਸ਼ਾਹੀ ਘਰ ਸੱਜੇ।*

ਇਸੇ ਕਾਵਿਕ ਪੈਟਰਨ 'ਤੇ ਆਸਾ ਦੀ ਵਾਰ ਦੀ ਪਉੜੀ ਇਸ ਪ੍ਰਕਾਰ ਹੈ:

*ਪਉੜੀ ॥ ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*
.....................................................
*ਕਰਿ ਆਸਣੁ ਡਿਠੋ ਚਾਉ ॥੧॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੩)

ਇਨ੍ਹਾਂ ਦੀ ਕਾਵਿਕ ਸਮਰਸਤਾ ਨੂੰ ਆਸਾ ਦੀ ਵਾਰ ਉਪਰ ਧੁਨੀ ਸਿਰਲੇਖ ਲਿਖਕੇ ਗਾਇਨ ਵਿਚ ਸਮਸੁਰਤਾ ਪ੍ਰਦਾਨ ਕੀਤੀ ਗਈ ਹੈ। ਗੁਰਮਤਿ ਸੰਗੀਤ ਵਿਚ ਰਾਗ ਆਸਾ ਦੀ ਭਾਲ ਲਈ ਇਹ ਇਕ ਅਹਿਮ ਸਰੋਤ ਹੈ।

ਪੰਜਾਬ ਦੇ ਲੋਕ ਗੀਤਾਂ ਤੇ ਪੂਰਨ ਭਗਤ ਦੇ ਕਿੱਸੇ ਵਿਚ ਇਸ ਰਾਗ ਦਾ ਮੁਹਾਂਦਰਾਂ ਤੇ ਸੁਰਾਵਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਗੁਰਮਤਿ ਸੰਗੀਤ, ਲੋਕ ਸੰਗੀਤ ਤੋਂ ਬਿਨਾਂ ਸੂਫ਼ੀ ਸੰਗੀਤ ਵਿਚ ਇਸ ਰਾਗ ਦਾ ਖ਼ੂਬ ਪ੍ਰਚਲਨ ਹੈ। ਸੂਫ਼ੀ ਸੰਤਾਂ ਵਿਚ ਸ਼ੇਖ ਫਰੀਦ ਤੇ ਸ਼ਾਹ ਹੁਸੈਨ ਦੀ ਬਾਣੀ ਦਾ ਇਹ ਵਿਸ਼ੇਸ਼ ਸ਼ਿੰਗਾਰ ਹੈ।

ਗੁਰਮਤਿ ਸੰਗੀਤ ਦੀ ਮਰਿਆਦਤ ਕੀਰਤਨ ਪਰੰਪਰਾ ਵਿਚ ਆਸਾ ਰਾਗ ਸਵੇਰ ਤੋਂ ਸ਼ਾਮ ਦੋਵੇਂ ਸਮੇਂ ਗਾਇਆ ਜਾਂਦਾ ਹੈ ਜੋ ਗੁਰਮਤਿ ਸੰਗੀਤ ਨੂੰ ਭਾਰਤੀ ਸੰਗਤਿ ਦੇ ਸ਼ਾਸਤਰੀ ਸੰਗੀਤ ਦੇ ਸਮਾਂ ਸਿਧਾਂਤ ਤੋਂ ਦੀਆਂ ਵਲਗਣਾ ਤੋਂ ਮੁਕਤ ਕਰ ਸ਼ਬਦ ਪ੍ਰਧਾਨਤਾ ਤੇ ਸ਼ਬਦ ਨੇ ਗੁਰਮਤਿ ਸਿਧਾਂਤ ਦੇ ਲੜ ਲਾਉਂਦਾ ਹੈ। ਆਸਾ ਰਾਗ ਵਿਚ ਸਵੇਰ ਸਮੇਂ ਆਸਾ ਦੀ ਵਾਰ ਦੀ ਚੌਂਕੀ ਅਤੇ ਸ਼ਾਮ ਸਮੇਂ ਸੋਦਰ ਦੀ ਚੌਂਕੀ ਦਾ ਗਾਇਨ ਕੀਤਾ ਜਾਂਦਾ ਹੈ। ਇਹ ਦੋਵੇਂ ਕੀਰਤਨ ਚੌਂਕੀਆਂ ਹਰ ਕੀਰਤਨੀ ਕੀਰਤਨ ਲਈ ਬੁਨਿਆਦੀ ਤੌਰ 'ਤੇ ਲਾਜ਼ਮੀ ਹਨ। ਇਸ ਲਈ ਕੀਰਤਨ ਲਈ ਇਨ੍ਹਾਂ ਕੀਰਤਨ ਚੌਂਕੀਆਂ ਤੇ ਰਾਗ ਆਸਾ ਦੀ ਸਿਖਲਾਈ ਵੀ ਬੁਨਿਆਦੀ ਮਹੱਤਵ ਰਖਦਾ ਹੈ। ਗੁਰਮਤਿ ਸੰਗੀਤ ਸਿਖਿਆ ਪ੍ਰਣਾਲੀ ਵਿਚ ਮੁਢਲੇ ਰਾਗਾਂ ਵਿਚ ਆਸਾ ਦੀ ਸਿਖਲਾਈ ਹੀ ਕਰਵਾਈ ਜਾਂਦੀ ਹੈ।

ਰਾਜਸਥਾਨ ਵਿਚ ਮਾਂਡ ਦਾ ਵਧੇਰੇ ਪ੍ਰਚਾਰ ਹੈ ਜਿਸ ਦਾ ਸੁਰਾਤਮਕ ਸਰੂਪ ਰਾਗ ਆਸਾ ਨਾਲ ਮਿਲਦਾ ਹੈ ਪਰੰਤੂ ਸੁਰਾਤਮਕ ਚਲਨ ਦੀ ਭਿੰਨਤਾ ਕਰਕੇ ਇਹ ਇਸ ਨਾਲ ਅਲੱਗ ਹੋ ਜਾਂਦਾ ਹੈ। ਆਸਾ ਰਾਗ ਦਾ ਕੀਰਤਨ ਪਰੰਪਰਾ ਵਿਚ ਭਾਵੇਂ ਇਕ-ਇਕ ਪ੍ਰਮਾਣਿਕ ਸਰੂਪ ਹੀ ਪ੍ਰਚਾਰ ਅਧੀਨ ਹੈ ਪਰ ਕਿਤੇ ਅਵਰੋਹ ਵਿਚ ਕੋਮਲ ਨਿਸ਼ਾਦ ਸੁਰ ਵਾਲਾ ਸਰੂਪ ਵੀ ਸੁਣਨ ਨੂੰ ਮਿਲਦਾ ਹੈ ਜਿਸ ਦਾ ਜ਼ਿਕਰ ਸੰਗੀਤਾਚਾਰੀਆ ਕੰਵਰ ਮ੍ਰਿਗੇਂਦਰ ਸਿੰਘ ਨੇ ਆਪਣੀ ਪੁਸਤਕ ਵਾਦਨ ਸਾਗਰ ਭਾਗ ਦੂਜਾ ਵਿਚ ਕੀਤਾ ਹੈ। ਇਸ ਤੋਂ ਇਲਾਵਾ ਹੋਰ ਸਰੂਪ ਵੀ ਪ੍ਰਾਪਤ ਹੁੰਦੇ ਹਨ ਜਿਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਦੇ ਅਵਰੋਹ ਵਿਚ ਕੋਮਲ ਨਿਸ਼ਾਦ ਦੀ ਵਰਤੋਂ ਕੀਤੀ ਗਈ ਹੈ। ਰਾਗ ਆਸਾ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਦੇ, ਅਸ਼ਟਪਦੀਆਂ, ਬਿਰਹੜੇ, ਛੰਤ, ਵਾਰ, ਪੱਟੀ ਰਚਨਾਵਾਂ ਦਰਜ ਹਨ। ਇਸ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ।

ਇਸ ਤੋਂ ਇਲਾਵਾ ਆਸਾ ਰਾਗ ਵਿਚ ਭਗਤ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਧੰਨਾ ਜੀ, ਸ਼ੇਖ ਫਰੀਦ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਆਸਾ ਦੀ ਵਾਰ ਵਿਚਲੇ ਸਲੋਕਾਂ ਵਿਚ ਗੁਰੂ ਅੰਗਦ ਦੇਵ ਜੀ ਦੇ ਸਲੋਕ ਵੀ ਦਰਜ ਹਨ। ਆਸਾ ਰਾਗ ਪੰਨਾ 347 ਤੋਂ 488 ਤੱਕ ਦਰਜ ਹਨ। ਰਾਗ ਆਸਾ ਵਿਚ ਗੁਰੂ ਅਰਜਨ ਦੇਵ ਜੀ ਦੀਆਂ ਪੰਜ ਪੜਤਾਲ ਰਚਨਾਵਾਂ ਵੀ ਵਿਸ਼ੇਸ਼ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁੱਖ 31 ਰਾਗਾਂ ਦੇ ਅੰਤਰਗਤ ਵੱਖ-ਵੱਖ ਰਾਗ ਪ੍ਰਕਾਰਾਂ ਦਾ ਪ੍ਰਯੋਗ ਵੀ ਮਿਲਦਾ ਹੈ। ਰਾਗ ਆਸਾ ਅਧੀਨ ਆਸਾ ਕਾਫੀ, ਆਸਾਵਰੀ ਤੇ ਆਸਾਵਰੀ ਸੁਧੰਗ ਦੇ ਰਾਗ ਅੰਕਿਤ ਮਿਲਦੇ ਹਨ। ਰਾਗ ਆਸਾ ਕਾਫੀ, ਆਸਾ ਤੇ ਕਾਫੀ ਦੋ ਰਾਗਾਂ ਦਾ ਸੁਮੇਲ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਇਸ ਤਰ੍ਹਾਂ ਆਸਾਵਰੀ ਭਾਰਤੀ ਸੰਗੀਤ ਵਿਚ ਸੁਤੰਤਰ ਰਾਗ ਹੈ। ਸੰਗੀਤ

ਵਿਧਾਨ ਨੂੰ ਪ੍ਰਗਟਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਸੰਗੀਤਕ ਸੰਕੇਤ ਸਿਰਲੇਖ ਵੀ ਦਿਤੇ ਗਏ ਹਨ ਜਿਨ੍ਹਾਂ ਵਿਚ ਸੰਕੇਤ 'ਸੁਧੰਗ' ਹੈ ਜਿਹੜਾ ਰਾਗ ਆਸਾਵਰੀ ਦੇ ਨਾਲ ਲਾਇਆ ਗਿਆ ਹੈ। ਇਥੇ 'ਆਸਾਵਰੀ ਸੁਧੰਗ' ਤੋਂ ਭਾਵ ਸ਼ੁਧ ਅੰਗ ਦੀ ਆਸਾਵਰੀ ਹੈ ਜਿਸਨੂੰ ਰਾਗ ਨਿਰਣਾਇਕ ਕਮੇਟੀ (ਬਾਨੀ ਸੰਤ ਸੁੱਚਾ ਸਿੰਘ ਮੁਖੀ ਪੰਡਤ ਦਲੀਪ ਚੰਦਰ ਵੇਦੀ) ਨੇ ਵਰਤਮਾਨ ਸਮੇਂ ਹੀ ਕੋਮਲ ਰਿਸ਼ਭ ਆਸਾਵਰੀ ਮੰਨੀ ਹੈ ਜੋ ਸ਼ੁੱਧ ਅੰਗ ਦੀ ਆਸਾਵਰੀ ਆਖੀ ਜਾਂਦੀ ਰਹੀ ਹੈ। ਆਸਾਵਰੀ ਸੁਧੰਗ ਵਿਚ ਗੁਰੂ ਰਾਮਦਾਸ ਜੀ ਦੀ ਬਾਣੀ ਦਰਜ ਹੈ।

ਰਾਗ ਆਸਾ ਕੀਰਤਨੀਆਂ ਵਿਚ ਸਭ ਤੋਂ ਮਕਬੂਲ ਰਾਗ ਹੈ। ਸਾਰੇ ਕੀਰਤਨੀਆਂ ਨੇ ਇਸ ਨੂੰ ਆਪੋ ਆਪਣੇ ਅੰਦਾਜ਼ ਵਿਚ ਬਾਖੂਬੀ ਗਾਇਆ ਹੈ। ਰਬਾਬੀਆਂ ਵਿਚ ਭਾਈ ਚਾਂਦ, ਭਾਈ ਲਾਲ ਨੇ ਇਸ ਰਾਗ ਨੂੰ ਭਰਪੂਰ ਰੂਪ ਵਿਚ ਗਾਇਆ ਹੈ ਜਿਸ ਦੀਆਂ ਕੁਝ ਵੰਨਗੀਆਂ ਪੰਜਾਬੀ ਯੂਨੀਵਰਸਿਟੀ ਦੀ ਵੈਬਸਾਈਟ www.gurmatsangeetpup.com ਤੇ ਵੇਖੀ ਜਾ ਸਕਦੀਆਂ ਹਨ। ਭਾਈ ਸਮੁੰਦ ਸਿੰਘ ਨੇ ਇਸ ਰਾਗ ਨੂੰ ਬਾਖੂਬੀ ਪ੍ਰਮਾਣਿਕ ਰੂਪ ਵਿਚ ਗਾਇਆ ਹੈ ਅਤੇ ਇਸ ਤੋਂ ਇਲਾਵਾ ਇਸ ਰਾਗ ਨੂੰ ਭਾਈ ਸਮੁੰਦ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਬਲਬੀਰ ਸਿੰਘ, ਭਾਈ ਧਰਮ ਸਿੰਘ, ਭਾਈ ਅਵਤਾਰ ਸਿੰਘ, ਪ੍ਰੋ. ਕਰਤਾਰ ਸਿੰਘ,ਡਾ. ਗੁਰਨਾਮ ਸਿੰਘ, ਸੰਤ ਨਿਰੰਜਨ ਸਿੰਘ ਜਵੱਦੀ, ਪ੍ਰੋ. ਪਰਮਜੋਤ ਸਿੰਘ, ਭਾਈ ਸ਼ਮਸ਼ੇਰ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਕੁਲਤਾਰ ਸਿੰਘ, ਬੀਬੀ ਜਸਵਿੰਦਰ ਕੌਰ ਆਦਿ ਨੇ ਬਾਖੂਬੀ ਗਾਇਆ ਹੈ ਅਤੇ ਇਨ੍ਹਾਂ ਦੀ ਰਿਕਾਰਡਿੰਗ **www.gurmatsangeetpup.com, www.gurmatsangeetlibrary.com, www.sikh-relics.com, www.sewageorgia.org, www.jawadditaksal.org, www.sikhsangeet.com, www.vismaadnaad.org, www.youtube.com** ਆਦਿ ਵੈਬਸਾਈਟਾਂ 'ਤੇ ਸੁਣੀ ਜਾ ਸਕਦੀਆਂ ਹਨ।

ਗੁਰਮਤਿ ਸੰਗੀਤ ਦੀਆਂ ਸੁਰਲਿਪੀ ਬੱਧ ਰਚਨਾਵਾਂ ਦੇ ਵਿਰਾਸਤੀ ਭੰਡਾਰ ਵਿਚ ਇਸ ਰਾਗ ਅਧੀਨ ਲਗਪਗ ਸਾਰੇ ਹੀ ਸ਼ਬਦ ਕੀਰਤਨ ਰਚਨਾਕਾਰਾਂ ਨੇ ਇਸ ਰਾਗ ਵਿਚ ਰਚਨਾਵਾਂ ਤਿਆਰ ਕੀਤੀਆਂ ਹਨ। ਵੀਹਵੀਂ ਸਦੀ ਤਕ ਪ੍ਰਕਾਸ਼ਤ ਰਚਨਾਵਾਂ ਵਿਚ ਲਗਪਗ ਸਾਰੇ ਪ੍ਰਮੁਖ ਰਚਨਾਕਾਰ ਦੀਆਂ ਇਸ ਰਾਗ ਵਿਚ ਸ਼ਬਦ ਕੀਰਤਨ ਰਚਨਾਵਾਂ ਉਪਲੱਬਧ ਹੁੰਦੀਆਂ ਹਨ। ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ : ਸ. ਗਿਆਨ ਸਿੰਘ ਐਬਟਾਬਾਬਦ ਨੇ ਪੁਸਤਕ ਗੁਰਬਾਣੀ ਸੰਗੀਤ ਵਿਚ ਇਸ ਰਾਗ ਅਧੀਨ ਭਾਈ ਤਾਬਾ ਦੀਆਂ ਕੁਝ ਬੰਦਸ਼ਾਂ ਵੀ ਦਿਤੀਆਂ ਹਨ।

ਗੁਰਮਤਿ ਸੰਗੀਤ ਦਾ ਰਾਗ ਆਸਾ ਵਿਚ ਗਾਇਨ ਖੋਜ ਤੇ ਵਿਸਥਾਰ ਦੀਆਂ ਅਨੇਕ ਸੰਭਾਵਨਾਵਾਂ ਜੋ ਕੀਰਤਨੀਆਂ, ਸਿਖਿਆਰਥੀਆਂ, ਖੋਜਾਰਥੀਆਂ ਨੂੰ ਪ੍ਰਮਾਣਿਕ ਗੁਰਮਤਿ ਸੰਗੀਤ ਸਿਖਿਆ ਲਈ ਬਹੁਤ ਢੁਕਵੀਂ ਮਿਸਾਲ ਤੇ ਸੰਗੀਤ ਮਾਧਿਅਮ ਹੈ।

* ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

# ਸਤਰੰਗੀ ਸਾਧਨਾ-ਸੰਗੀਤ

**ਕਰਤਾਰ ਸਿੰਘ ਨੀਲਧਾਰੀ**

ਗੰਭੀਰਤਾ ਨਾਲ ਵਿਚਾਰਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸ੍ਰਿਸ਼ਟੀਕਰਤਾ ਨੇ ਸਿਸ਼ਟੀ ਦੀ ਰਚਨਾ ਸੰਗੀਤ ਬੱਧ ਤਰੀਕੇ ਨਾਲ ਕੀਤੀ ਹੈ। ਸੱਤ ਆਕਾਸ਼ਾਂ ਤੇ ਸੱਤ ਪਾਤਾਲਾਂ ਵਿਚ ਸਿਮਟੀ ਸਾਡੇ ਸੂਰਜ ਪਰਿਵਾਰ ਦੀ ਪ੍ਰਮੁੱਖ ਰਚਨਾ ਇਸ ਪ੍ਰਿਥਵੀ ਵਿਚ ਸੰਗੀਤ ਦੇ ਵੀ ਸੱਤ ਹੀ ਸੁਰ ਹਨ। ਇਹਨਾਂ ਸੱਤ ਸੁਰਾਂ ਦੇ ਮਿਸ਼ਰਣ ਨਾਲ ਹੀ ਰਾਗ-ਰਾਗਨੀਆਂ ਦਾ ਸਰੂਪ ਘੜਿਆ ਜਾਂਦਾ ਹੈ। ਸੁਰ-ਸਾਧਨਾਂ ਅਤੇ ਅਲਾਪ-ਨਾਦ ਅਭਿਆਸ ਦੇ ਖੋਜੀ ਸੱਤ ਸੁਰਾਂ ਨਾਲ ਹੀ ਨਵੇਂ ਨਵੇਂ ਰਾਗ-ਰਾਗਨੀਆਂ ਦੀ ਰਚਨਾ ਕਰਦੇ ਆ ਰਹੇ ਹਨ। ਸੁਰ ਸਾਧਨਾਂ ਅਤੇ ਨਾਦ-ਆਲਾਪ ਦੇ ਅਭਿਲਾਸ ਨਾਲ ਸਰੀਰ, ਸਿਹਤ ਅਤੇ ਮਾਨਸਿਕਤਾ ਨੂੰ ਵੱਖਰਾ ਹੀ ਬਲ ਮਿਲਦਾ ਹੈ। ਸੰਗੀਤ ਸਾਧਨਾਂ ਆਪਣੇ ਆਪ ਵਿਚ ਇਕ ਏਕਗਤਾ ਭਰਿਆ ਤਪ ਹੈ। ਇਹ ਤਪ ਕਿਸੇ ਹਠਯੋਗ ਤੋਂ ਘੱਟ ਅਉਖਾ ਨਹੀਂ। ਗੁਰੂ-ਸ਼ਿਸ਼ ਪਰੰਪਰਾ ਵਿਚ ਗੁਰੂ ਦੀ ਸੇਵਾ ਕਰਕੇ ਉਸ ਕੋਲੋਂ ਉਸ ਦੇ ਅਨੁਭਵ ਦੇ ਖਜ਼ਾਨੇ ਦਾ ਪ੍ਰਸ਼ਾਦ ਲਿਆ ਜਾਂਦਾ ਹੈ ਅਤੇ ਆਪਣੀ ਅਭਿਆਸ ਸਾਧਨਾਂ ਨਾਲ ਉਸ ਖਜਾਨੇ ਦਾ ਵਿਕਾਸ ਕਰਨ ਵਾਲੇ ਹੀ ਸੰਸਾਰ ਵਿਚ ਸਫਲਤਾ ਦਾ ਸਿਹਰਾ ਬੰਨ੍ਹਦੇ ਆ ਰਹੇ ਹਨ।

ਸੰਗੀਤ ਸਾਧਕ ਨੂੰ ਸੰਗੀਤ ਅਭਿਆਸ ਵਿਚ ਕੁਸ਼ਲਤਾ ਪ੍ਰਾਪਤ ਕਰਨ ਲਈ ਆਹਾਰ ਵਿਚ ਕਈ ਪ੍ਰਕਾਰ ਦੇ ਸੰਜਮ ਰੱਖਣੇ ਜ਼ਰੂਰੀ ਹੁੰਦੇ ਹਨ। ਸੰਗੀਤ ਸਾਧਨਾਂ ਵਿਚ ਗੜੁੱਚ ਸਾਧਕ ਦੇ ਵਿਚਾਰ ਸਾਧਨਾ ਦੀ ਸਫਲਤਾ ਦੇ ਦੁਆਲੇ ਗੇੜੇ ਕੱਢਦੇ ਰਹਿੰਦੇ ਹਨ। ਸਾਧਨਾ ਦੀ ਸਫਲਤਾ ਲਈ ਮਨ ਦੀ ਇਕਾਗਰਤਾ ਜ਼ਰੂਰੀ ਹੁੰਦੀ ਹੈ ਅਤੇ ਸੰਗੀਤ ਸਾਧਕ ਇਸ ਇਕਾਗਰਤਾ ਤੇ ਲਗਨ ਨਾਲ ਹੀ ਨਵੇਂ ਰਾਗ ਰਾਗਨੀਆਂ ਦੀ ਘਾੜਤ ਕਰਨ ਵਿਚ ਸਫਲ ਹੋ ਸਕਦਾ ਹੈ। ਸੰਗੀਤਕਾਰ ਜੇਕਰ ਸੰਗੀਤ ਸੁਰ ਸਾਧਨਾ ਵਿਚ ਲੋਕਰੰਜਨ ਦੀ ਥਾਂ ਭਗਤੀ ਨਾਲ ਪ੍ਰਵਿਰਤ ਹੋ ਜਾਂਦਾ ਹੈ ਤਾਂ ਭਗਤੀ ਬੜੀ ਛੇਤੀ ਸਫਲਾ ਹੋ ਜਾਂਦੀ ਹੈ। ਭਗਤੀ ਆਰਧਨਾ ਲਈ ਜ਼ਰੂਰੀ ਲਗਨ (ਸ਼ਰਧਾ-ਵਿਸ਼ਵਾਸ) ਨਾਲ ਉਸਦੇ ਮਨ ਦਾ ਬਿਖਰਾਵ ਮਿਟ ਚੁੱਕਿਆ ਹੁੰਦਾ ਹੈ ਅਤੇ ਇਕਾਰਗਤਾ ਇਕ ਪੜਾਵ ਤੇ ਪੁੱਜ ਕੇ ਹੀ ਉਹ ਸੰਗੀਤ-ਗਾਇਨ ਵਾਦਕ ਦਾ ਅਸਲੀ ਰਸ ਲੈ ਸਕਦਾ ਹੈ ਅਤੇ ਸ੍ਰੋਤਿਆਂ ਨੂੰ ਵੰਡਣ ਵਿਚ ਸਫਲ ਹੁੰਦਾ ਹੈ।

ਗੁਣ ਗੋਵਿੰਦ ਗਾਵਹੁ ਸਭਿ ਹਰਿਜਨ,
ਰਾਮ ਰਤਨ ਰਸਨਾ ਆਲਾਪ॥ (ਪੰਨਾ 818)

ਸੰਗੀਤ ਦੀ ਅੰਮ੍ਰਿਤਧਾਰਾ ਨਾਲ ਬਣੀ ਹੋਈ ਸਾਂਝ ਹੀ ਸੰਗੀਤਕਾਰ ਨੂੰ ਸ੍ਰੋਤਿਆਂ ਵਿਚ ਪ੍ਰਸ਼ੰਸਾਯੋਗ ਬਣਾਉਂਦੀ ਹੈ।ਇਸੇ ਕਰਕੇ ਜਿਹੜੇ ਰਾਗੀ ਕੀਰਤਨੀਏ ਗੁਰਬਾਣੀ ਦੇ ਭਾਵ ਅਰਥ ਨਾਲ ਜੁੜ ਕੇ ਕੀਰਤਨ ਕਰਦੇ ਹਨ ਉਹ ਆਪ ਵੀ ਅਲੌਕਿਕ ਅੰਮ੍ਰਿਤ ਰਸ ਦਾ ਪਾਨ ਕਰਦੇ ਹਨ ਅਤੇ ਸ੍ਰੋਤਾ ਸੰਗਤਾਂ ਨੂੰ ਵੀ ਮੰਤ੍ਰ ਮੁਗਧ ਕਰ ਦਿੰਦੇ ਹਨ। ਸ਼ਬਦ ਵਿਸ਼ੇਸ਼ ਜਾਂ ਗਾਇਨ ਕੇਵਲ ਕੰਠ ਤੋਂ ਹੋ ਰਿਹਾ ਹੈ ਜਾਂ ਹਿਰਦੇ ਤੋਂ ਹੋ ਰਿਹਾ ਹੈ। ਇਸ ਦੀ ਕਸੌਟੀ ਇਹੋ ਹੈ ਕਿ ਕੰਠ ਦਾ ਗਾਇਆ ਸ਼ਬਦ ਕੰਨਾਂ ਤਕ ਪੁੱਜਦਾ ਹੈ ਅਤੇ ਹਿਰਦੇ ਚੋਜ ਨਿਕਲਿਆ ਗਾਇਨ ਸ੍ਰੋਤੇ ਦੇ ਹਿਰਦੇ ਨੂੰ ਟਕੋਰਦਾ ਹੈ। ਭਗਤੀ ਨਾਲ ਜੁੜੇ ਕੀਰਤਨੀਏ ਆਪਣੀ ਸੰਜਮੀ ਜੀਵਨ ਸ਼ੈਲੀ ਵਿਚ ਮਨ ਦੀ ਲਗਨ ਨਾਲ ਅਨਹਦ ਨਾਦ ਨਾਲ ਸਾਂਝ ਪਾਉਣ ਵਿਚ ਵੀ ਸਫਲ ਹੋ ਜਾਂਦੇ ਹਨ ਤੇ ਸੰਸਾਰ ਵਿਚ ਸੰਤ-ਮਹਾਂਪੁਰਸ਼ ਸੱਦੇ ਜਾਂਦੇ ਹਨ। ਆਟਾ ਮੰਡੀ ਅੰਮ੍ਰਿਤਸਰ ਦੇ ਬਾਬਾ ਸ਼ਾਮ ਸਿੰਘ ਜੀ ਅਹਿਜੇ ਸੰਤ ਰਾਗੀ ਹੋਏ ਹਨ ਜਿਹਨਾਂ ਦੀ ਤੁਲਨਾ ਵਿਚ ਪੱਖੋਂ ਬਾਬਾ ਹਰੀਦਾਸ ਜੀ ਨਾਲ ਕੀਤੀ ਜਾ ਸਕਦੀ ਹੈ। ਬਾਬਾ ਸ਼ਾਮ ਸਿੰਘ ਜੀ ਤੋਂ ਹੀ ਪ੍ਰੇਰਨਾ ਲੈ ਕੇ ਬਾਬਾ ਗੁਰਮੁਖ ਸਿੰਘ ਜੀ ਨੇ ਸਰੋਵਰ ਦੀ ਹੰਸਾਲੀ ਦੀ ਸੇਵਾ ਆਰੰਭੀ ਸੀ ਅਤੇ ਅੱਜ ਕਾਰ ਸੇਵਾ ਦਾ ਬੋਹੜ ਵੱਡਾ ਸੰਪ੍ਰਦਾਇਕ ਸੰਗਠਨ ਬਣ ਚੁੱਕਿਆ ਹੈ ਅਤੇ ਪਿਛੇ ਸੱਤ ਦਹਾਕਿਆਂ ਵਿਚ ਗੁਰਦਵਾਰਿਆਂ ਦਾ ਵਿਕਾਸ ਸੰਸਾਰੀਆਂ ਨੂੰ ਅਚੰਭਿਤ ਕਰਦਾ ਹੈ।

ਚਰਚਾ ਸੰਗੀਤ ਸਾਧਨਾ ਦੀ ਚਲੀ ਸੀ ਜੋ ਭਗਤੀ, ਮਾਨਸਿਕ ਸ਼ਕਤੀ, ਤੇ ਪੜਾਅ ਲੰਘ ਕੇ ਕਾਰ ਸੇਵਾ ਜਾਂ ਸਮਾਜ ਸੇਵਾ ਦੇ ਆਦਰਸ਼ਾਂ ਦੇ ਬਿਆਨ ਵੱਲ ਤੁਰ ਪਈ ਸੀ। ਸੰਗੀਤ ਦੇ ਸੱਤ ਸੁਰਾਂ ਦੇ ਗਾਇਨ ਨਾਲ ਸਰੀਰ ਅਤੇ ਸਿਹਤ ਨੂੰ ਕੀ ਬਲ ਮਿਲਦਾ ਹੈ ਇਸ ਦਾ ਵਿਚਾਰ ਇਸ ਲੇਖ ਦਾ ਮੁੱਖ ਵਿਸ਼ਾ ਹੈ। ਸੰਗੀਤ ਦੇ ਸੱਤ ਸੁਰਾਂ ਦੇ ਨਾਲ ਹਨ, ਸਾ, ਰੇ, ਗ, ਮ, ਪ, ਧ, ਨਿ। ਇਹਨਾਂ ਸੁਰਾਂ ਦੇ ਉਦਗਮ ਸਥਾਨ, ਸੁਭਾਵ ਅਤੇ ਅਧਿਸ਼ਠਾ ਦੇ ਚਿੰਤਨ ਨਾਲ ਪ੍ਰਕਿਰਤੀ ਦੀ ਸੁਰ ਸੰਗੀਤ ਵਿਧਾ ਨਾਲ ਸੁਮੇਲ ਦਾ ਮਨਨ ਜ਼ਰੂਰ ਆਨੰਦਕਾਰੀ ਲੱਗੇਗਾ। ਜਦੋਂ ਚਿੰਤਨ ਮਨਨ ਸੰਗੀਤ ਦਾ ਹੋਵੇ ਤਾਂ ਫੇਰ ਮਾਨਸਿਕ ਤਣਾਓ ਦਾ ਕੀ ਕੰਮ ਹੈ ਅਤੇ ਆਉ ਸੰਤ ਸੁਰਾਂ ਨੂੰ ਗੁਨਗੁਨਾ ਲਈਏ।

ਪੰਚ ਬਜਿਤ੍ਰ ਕਰੇ ਸੰਤੋਖਾ
ਸਾਤ ਸੁਰਾ ਲੈ ਚਾਲੇ॥ (ਪੰਨਾ 885)

ਸਾ (ਸ਼ਡਜ) – ਨਾਸਿਕਾ, ਕੰਠ, ਹਿਰਦਾ, ਤਾਲੂ, ਜੀਭ ਅਤੇ ਦੰਦ– ਇਹਨਾਂ ਛੇ ਥਾਵਾਂ ਦੇ ਸਹਿਯੋਗ ਨਾਲ ਪੈਦਾ ਹੋਣ ਕਰਕੇ ਹੀ ਇਸਨੂੰ ਸ਼ਡਜ਼ ਕਹਿੰਦੇ ਹਨ। ਹੋਰ ਛੇ ਸੁਰਾਂ ਦੀ ਉਤਪਤੀ ਦਾ ਆਧਾਰ ਹੋਣ ਕਾਰਨ ਵੀ ਇਸ ਨੂੰ ਸ਼ਡਜ ਕਿਹਾ ਜਾਂਦਾ ਹੈ। ਇਸਦਾ ਸੁਭਾਵ ਠੰਡਾ, ਰੰਗ ਗੁਲਾਬੀ ਅਤੇ ਸਥਾਨ ਨਾਭੀ ਪ੍ਰਦੇਸ਼ ਹੈ। ਇਸਦਾ ਦੇਵਤਾ ਅਗਨੀ ਹੈ। ਇਸ ਸੁਰ ਪਿਤਜ ਰੋਗਾਂ ਦਾ ਨਾਸ ਕਰਦਾ ਹੈ। ਉਦਾਹਰਣ–ਮੋਰ ਦਾ ਸੁਰ ਸ਼ਡਜ ਹੁੰਦਾ ਹੈ।

ਰੇ (ਰਿਸ਼ਭ)– ਨਾਭੀ ਤੋਂ ਉੱਠਦਾ ਹੋਇਆ ਵਾਯੂ ਜਦੋਂ ਕੰਠ ਅਤੇ ਸ਼ੀਰਸ਼ (ਤਾਲੂ) ਨਾਲ ਟਕਰਾ ਕੇ ਧਵਨੀ ਕਰਦਾ ਹੈ ਤਾਂ ਉਸ ਸੁਰ ਨੂੰ ਰੇ(ਰਿਸ਼ਭ) ਕਹਿੰਦੇ ਹਨ। ਇਸਦੀ ਪ੍ਰਕਿਰਤੀ ਸ਼ੀਤਲ ਅਤੇ ਖੁਸ਼ਕ, ਰੰਗ ਹਰਾ ਅਤੇ ਪੀਲਾ ਮਿਲਿਆ ਹੋਇਆ ਅਤੇ ਸਥਾਨ ਹਿਰਦੇ–ਪ੍ਰਦੇਸ਼ ਹੈ। ਇਸਦਾ ਦੇਵਤਾ ਬ੍ਰਹਮਾ ਹੈ। ਇਹ ਸੁਰ ਕਫ ਅਤੇ ਪਿਤ ਪ੍ਰਧਾਨ ਰੋਗਾਂ ਦਾ ਨਿਰਾਕਰਣ ਕਰਦਾ ਹੈ। ਉਦਾਹਰਣ – ਪਪੀਹੇ ਦਾ ਸੁਰ ਰਿਸ਼ਭ ਹੁੰਦਾ ਹੈ।

ਗ (ਗੰਧਾਰ)– ਨਾਭੀ ਤੋਂ ਉੱਠਿਆ ਵਾਯੂ ਜਦੋਂ ਕੰਠ ਅਤੇ ਤਾਲੂ ਨਾਲ ਟਕਰਾ ਕੇ ਨਾਸਿਕਾ ਦੀ ਗੰਧ ਨਾਲ ਰਲ ਕੇ ਨਿਕਲਦਾ ਹੈ ਤਾਂ ਇਸਨੂੰ ਗੰਧਾਰ ਕਹਿੰਦੇ ਹਨ। ਇਸਦਾ ਸੁਭਾਵ ਠੰਡਾ, ਰੰਗ ਨਾਰੰਗੀ ਅਤੇ ਸਥਾਨ ਫੇਫੜਿਆਂ ਵਿਚ ਹੈ। ਇਸਦਾ ਦੇਵਤਾ ਸਰਸਵਤੀ ਹੈ। ਇਹ ਪਿਤਜ ਰੋਗਾਂ ਦਾ ਨਾਸ਼ ਕਰਦਾ ਹੈ। ਉਦਾਹਰਣ – ਬਕਰੇ ਦਾ ਸੁਰ ਗੰਧਾਰ ਹੁੰਦਾ ਹੈ।

ਮ (ਮਧਿਆਮ) – ਨਾਭੀ ਤੋਂ ਉੱਠਿਆ ਵਾਯੂ ਜਦੋਂ ਉਰ ਪ੍ਰਦੇਸ਼ ਦੇ ਹਿਰਦੇ ਨਾਲ ਟਕਰਾ ਕੇ ਮੱਧ ਭਾਗ ਵਿਚ ਨਾਦ ਕਰਦਾ ਹੈ ਤਾਂ ਉਸਨੂੰ ਮੱਧਮ ਸੁਰ ਕਹਿੰਦੇ ਹਨ। ਇਸਦਾ ਸੁਭਾਵ ਖੁਸ਼ਕ, ਰੰਗ ਗੁਲਾਬੀ ਅਤੇ ਪੀਲਾ ਮਿਸ਼੍ਰਿਤ ਅਤੇ ਸਥਾਨ ਕੰਠ ਹੈ। ਇਸਦੀ ਪ੍ਰਕਿਰਤੀ ਚੰਚਲ ਹੈ ਅਤੇ ਇਸ ਸੁਰ ਦਾ ਦੇਵਤਾ ਮਹਾਦੇਵ ਹੈ। ਇਹ ਵਾਤ ਤੇ ਕਫ ਰੋਗਾਂ ਦਾ ਸ਼ਮਨ ਕਰਦਾ ਹੈ। ਉਦਾਹਰਨ – ਕਊਆ ਮਧਿਅਮ ਸੁਰ ਵਿਚ ਬੋਲਦਾ ਹੈ।

ਪ (ਪੰਚਮ)– ਨਾਭੀ, ਉਹ ਹਿਰਦਾ, ਕੰਠ ਅਤੇ ਸ਼ੀਰਸ਼–ਇਹਨਾਂ ਪੰਜ ਸਥਾਨਾਂ ਨੂੰ ਸਪਰਸ਼ ਕਰਨ ਕਰਕੇ ਇਸ ਸੁਰ ਨੂੰ ਪੰਚਮ ਕਹਿੰਦੇ ਹਨ। ਸੱਤ ਸੁਰਾਂ ਵਿਚ ਪੰਜਵੇਂ ਸਥਾਨ ਤੇ ਹੋਣ ਕਰਕੇ ਵੀ ਪੰਚਮ ਕਿਹਾ ਜਾਂਦਾ ਹੈ। ਇਸਦੀ ਪ੍ਰਕਿਰਤੀ ਉਤਸ਼ਾਹਪੂਰਨ, ਰੰਗ ਲਾਲ ਅਤੇ ਸਥਾਨ ਮੁੱਖ ਹੈ। ਇਸਦਾ ਦੇਵਤਾ ਲਕਸ਼ਮੀ ਕਿਹਾ ਜਾਂਦਾ ਹੈ। ਇਹ ਕਫ ਪ੍ਰਧਾਨ ਰੋਗਾਂ ਦਾ ਸ਼ਮਨ ਕਰਦਾ ਹੈ। ਉਦਾਹਰਨ – ਕੋਇਲ ਪੰਚਮ ਸੁਰ ਵਿਚ ਕੂਕਦੀ ਹੈ।

ਧ (ਧੈਵਤ)– ਪਹਿਲੇ ਪੰਜ ਸੁਰਾਂ ਦਾ ਅਨੁਸੰਧਾਨ ਕਰਨ ਵਾਲੇ ਇਸ ਸੁਰ ਦੀ ਪ੍ਰਕਿਰਤੀ ਚਿੱਤ ਨੂੰ ਪ੍ਰਸੰਨ ਕਰਦੀ ਅਤੇ ਉਦਾਸੀਨ ਦੋਵੇਂ ਬਣਾਉਂਦੀ ਹੈ। ਇਸਦਾ ਸਥਾਨ ਤਾਲੂ ਅਤੇ ਦੇਵਤਾ ਗਣੇਸ਼ ਹੈ। ਇਹ ਪਿਤਜ ਰੋਗਾਂ ਦਾ ਸ਼ਮਨ ਕਰਦਾ ਹੈ। ਉਦਾਹਰਨ – ਮੈਂਢਕ ਦਾ ਸਵਰ।

ਨਿ (ਨਿਸ਼ਾਦ) – ਇਹ ਸੁਰ ਆਪਣੀ ਤੀਬਰਤਾ ਨਾਲ ਸਾਰੇ ਸੁਰਾਂ ਨੂੰ ਦਬਾ ਦੇਂਦਾ ਹੈ ਅਤੇ ਨਿਸ਼ਾਦ ਕਿਹਾ ਗਿਆ ਹੈ। ਇਸਦਾ ਸੁਭਾਅ ਠੰਡਾ–ਖੁਸ਼ਕ, ਰੰਗ ਕਾਲਾ ਅਤੇ ਸਥਾਨ ਨਾਸਿਕ ਹੈ। ਇਸਦੀ

ਪ੍ਰਕਿਰਤੀ ਜੋਸ਼ੀਲੀ ਅਤੇ ਪ੍ਰਸੰਨਤਾਦਾਇਕ ਹੈ। ਇਸਦਾ ਦੇਵਤਾ ਸੂਰਜ ਹੈ। ਇਹ ਵਾਤਜ ਰੋਗਾਂ ਦਾ ਸ਼ਮਨ ਕਰਦਾ ਹੈ। ਉਦਾਹਰਨ – ਹਾਥੀ ਦਾ ਸ੍ਵਰ।

(ਨੋਟ–ਲੇਖ "ਸੁਆਸਥਿਯ ਪਰ ਸੰਗੀਤ ਕੇ ਸਵਰੋਂ ਕਾ ਪ੍ਰਭਾਵ" ਲੇਖਕ ਡਾਕਟਰ ਪ੍ਰੇਮ ਪ੍ਰਕਾਸ਼ ਦੀ ਕਲਿਆਨ ਜਨਵਰੀ ਫਰਵਰੀ ਅੰਕ 2011 ਈ. ਦੇ ਆਧਾਰ ਤੇ ਸੁਰਾਂ ਦੀ ਉਪਰੋਕਤ ਜਾਣਕਾਰੀ ਦਿੱਤੀ ਗਈ ਹੈ)

ਸੁਰਾਂ ਦੇ ਗਾਇਨ ਨਾਲ ਸਰੀਰ ਦੇ ਜਿਹੜੇ ਹਿੱਸੇ ਤੇ ਖਿੱਚ ਪੈਂਦੀ ਹੈ ਉਸਦਾ ਪ੍ਰਭਾਵ ਪ੍ਰਾਣਾਯਾਮ ਦਾ ਇਕ ਅਭਿਆਸ ਅੰਗ ਬਣ ਜਾਂਦੀ ਹੈ। ਪ੍ਰਾਣਾਯਾਮ ਵਿਚ ਸਵਾਸ ਕਿਰਿਆ ਵਿਚ ਪੂਰਕ, ਕੁੰਭਕ ਤੇ ਰੇਚਕ ਰਾਹੀਂ ਪਾਨ ਅਤੇ ਅਪਾਨ ਵਾਯੂ ਸਾਧੀ ਜਾਂਦੀ ਹੈ ਅਤੇ ਸਰੀਰ ਸੋਧਿਆ ਜਾਂਦਾ ਹੈ। ਸੁਰ ਸਾਧਨਾ ਤੇ ਆਲਾਪ ਵਿਚ ਸਰੀਰ ਦੇ ਵੱਖ ਵੱਖ ਅੰਗਾਂ ਦੀ ਸਵਾਸ–ਕਸਰਤ ਹੋ ਜਾਂਦੀ ਹੈ ਅਤੇ ਉਤਪਤੀ ਤੇ ਪ੍ਰਸਾਰਨ ਸਥਾਨ ਦੇ ਹਿਸਾਬ ਨਾਲ ਵਾਤ–ਪਿਤ ਤੇ ਕਫ ਰੋਗਾਂ ਦਾ ਨਿਰਾਕਰਣ ਹੁੰਦਾ ਹੈ। ਮਨ ਦੀ ਨਿਰਮਲਤਾ ਬਾਰੇ ਪਹਿਲਾਂ ਹੀ ਚਰਚਾ ਕੀਤੀ ਜਾ ਚੁੱਕੀ ਹੈ। ਨਿਰਮਲ ਮਨ ਸੁਅਸਥ ਦੇਹੀ ਦਾ ਰਾਖਾ ਹੁੰਦਾ ਹੈ ਕਿਉਂਕਿ ਮਾਨਸਿਕ ਤਣਾਵਾਂ ਨਾਲ ਬੀਰ ਦਾਨਾੜੀ ਤੰਤਰ ਦਾ ਕੰਟਰੋਲ ਢਿੱਲਾ ਪੈ ਜਾਂਦਾ ਹੈ ਜਿਸ ਨਾਲ ਸਭ ਤੋਂ ਪਹਿਲਾਂ ਪਾਚਨ ਵਿਗੜਦਾ ਹੈ ਅਤੇ ਮਗਰੋਂ ਸਾਰਾ ਸਰੀਰ ਇਸ ਵਿਗਾੜਾ ਨਾਲ ਪ੍ਰਭਾਵਿਤ ਹੁੰਦਾ ਹੈ। ਉੱਚੀ ਸੁਰ ਵਿਚ ਗੁਰਬਾਣੀ ਪੜੀ ਜਾਏ ਤਾਂ ਵੀ ਮਗਰੋਂ ਕਾਫੀ ਭੁੱਖ ਲਗਦੀ ਹੈ ਤੇ ਕੀਰਤਨੀਏ ਜਾਂ ਸੰਗੀਤਕਾਰ ਨੂੰ ਅਭਿਆਸ ਤੋਂ ਬਾਅਦ ਨਰੋਈ ਤੇ ਬਲਦਾਇਕ ਖੁਰਾਕ ਦੀ ਜ਼ਰੂਰਤ ਹੁੰਦੀ ਹੈ। ਸੰਜਮੀ ਸਾਧਕ ਆਪਣੇ ਆਹਾਰ ਤੇ ਸੰਜਮ ਰੱਖਦੇ ਹਨ ਅਤੇ ਅੱਸੀ ਅੱਸੀ ਸਾਲ ਦੀ ਉਮਰ ਵਿਚ ਵੀ ਗਾਇਨ–ਸੰਗੀਤ ਦਾ ਅੰਮ੍ਰਿਤ ਵੰਡਣ ਵਿਚ ਸਮਰੱਥ ਹੁੰਦੇ ਹਨ।

**(ਕਰਤਾਰ ਸਿੰਘ ਨੀਲਧਾਰੀ ਮੋਬਾਇਲ ਨੰ:91–9888213360)**

---

# 'ਸੰਗੀਤ ਦਾ ਜੜ੍ਹ–ਚੇਤਨ 'ਤੇ ਮਨੋਵਿਗਿਆਨਿਕ ਪ੍ਰਭਾਵ'

* ਡਾ. ਰਾਜੇਸ਼ ਸ਼ਰਮਾ

ਸੰਗੀਤ ਇੱਕ ਅਜਿਹੀ ਨਾਦ ਵਿੱਦਿਆ ਹੈ, ਜਿਸ ਦਾ ਸ੍ਰਵਨ ਕਰਨ ਨਾਲ ਮਨੁੱਖ ਆਪਣੇ ਸਾਰੇ ਦੁੱਖ–ਤਕਲੀਫਾਂ ਨੂੰ ਭੁੱਲ ਜਾਂਦਾ ਹੈ ਅਤੇ ਉਸ ਦੇ ਹਿਰਦੇ ਵਿੱਚ ਖੁਸ਼ੀ ਦੀ ਨਵੀਂ ਲਹਿਰ ਦੌੜ ਉਠਦੀ ਹੈ। ਆਪਣੀ ਬੁੱਧੀ ਦਾ ਪ੍ਰਯੋਗ ਉਚਿਤ ਢੰਗ ਨਾਲ ਕਰਨ ਕਰਕੇ ਹੀ ਮਨੁੱਖ ਦੂਜੇ ਪ੍ਰਾਣੀਆਂ ਤੋਂ ਉੱਤਮ ਮੰਨਿਆ ਜਾਂਦਾ ਹੈ। ਇਹ ਸੰਗੀਤ ਦੀ ਮਨੋ ਵਿਗਿਆਨਿਕਤਾ ਹੀ ਹੈ ਕਿ ਜਿਸ ਤਰ੍ਹਾਂ ਦਾ ਸੰਗੀਤ ਮਨੁੱਖ ਸੁਣਦਾ ਹੈ ਉਸ ਦੇ ਅੰਦਰ ਉਸੇ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸੰਗੀਤ ਮਨੁੱਖ ਨੂੰ ਹਸਾ ਸਕਦਾ ਹੈ, ਰੁਆ ਸਕਦਾ ਹੈ ਹਿਰਦੇ ਵਿੱਚ ਅਨੰਦ ਦੀਆਂ ਤਰੰਗਾਂ ਪੈਦਾ ਕਰ ਸਕਦਾ ਹੈ ਅਤੇ ਮਨੁੱਖ ਨੂੰ ਸ਼ੋਕ, ਗੰਭੀਰ ਅਵਸਥਾ ਵਿੱਚ ਵੀ ਲਿਜਾ ਸਕਦਾ ਹੈ। ਸੰਗੀਤ ਦੀ ਮੌਲਿਕਤਾ ਇਸੇ ਵਿੱਚ ਹੈ ਕਿ ਇਸ ਦਾ ਪ੍ਰਭਾਵ ਨਾ ਕੇਵਲ ਮਨੁੱਖ ਉੱਤੇ ਬਲਕਿ ਪਸ਼ੂ ਪੰਛੀਆਂ ਅਤੇ ਬਨਸਪਤਿ ਉੱਤੇ ਵੀ ਵਿਸਤਰਿਤ ਰੂਪ ਵਿੱਚ ਪੈਂਦਾ ਹੈ। ਕੋਮਲ ਤੇ ਕਠੋਰਤਾਵਾਂ ਵਾਲਾ ਮਨੁੱਖ ਹੋਵੇ ਤੇ ਭਾਵੇਂ ਭਿਆਨਕ ਤੋਂ ਭਿਆਂਨਕ ਜਾਨਵਰ ਹੈ ਰੁੱਖ ਜਾਂ ਛੋਟਾ ਜਿਹਾ ਪੌਦਾ ਹੋਵੇ ਸੰਗੀਤ ਦੇ ਪ੍ਰਭਾਵ ਤੋਂ ਪ੍ਰਭਾਵਿਤ ਹੋਵੇ ਬਿਨਾਂ ਨਹੀਂ ਰਹਿ ਸਕਦੇ।

ਭਾਰਤ ਵਿੱਚ ਸੰਗੀਤ ਕਲਾ ਦਾ ਪ੍ਰਯੋਗ ਮਨ ਪਰਚਾਵੇ ਦੇ ਲਈ ਹੀ ਨਹੀਂ ਬਲਕਿ ਅਧਿਆਤਮਿਕ ਪਰਿਪੇਖ ਵਿੱਚ ਵੀ ਵਧੇਰੇ ਕੀਤਾ ਜਾਂਦਾ ਹੈ। ਪ੍ਰਾਚੀਨ ਕਾਲ ਤੇ ਧਿਆਨ ਮਾਰਨ ਤੇ ਹੀ ਕੁੱਝ ਅਜਿਹੀਆਂ ਉਦਾਹਰਨਾਂ ਸਾਹਮਣੇ ਆਉਂਦੀਆਂ ਹਨ ਜਿਥੋਂ ਇਸ ਦਾ ਅਧਿਆਤਮਿਕ ਸੰਬੰਧ ਪਤਾ ਲਗਦਾ ਹੈ। ਜਿਵੇਂ ਮਾਤਾ 'ਸਰਸਵਤੀ' ਦੇ ਹੱਥ ਵਿੱਚ 'ਵੀਨਾ' ਦਾ ਹੋਣਾ 'ਸ਼ੰਕਰ' ਭਗਵਾਨ ਦੇ ਹੱਥ ਵਿੱਚ ਡਮਰੂ ਦਾ ਹੋਣਾ 'ਨਾਰਦ ਮੁਨੀ' ਦੇ ਹੱਥ ਵਿੱਚ ਇੱਕ ਤਾਰੇ ਦਾ ਹੋਣਾ ਆਦਿ/ਮੱਧ ਕਾਲ ਵਿੱਚ ਸੂਰਦਾਸ, ਮੀਰਾਂ ਬਾਈ ਦੇ ਹੱਥ ਵਿੱਚ ਖੜ੍ਹਤਾਲਾਂ, ਬਾਬਾ ਨਾਨਕ ਜੀ ਦੇ ਨਾਲ ਮਰਦਾਨੇ ਦਾ 'ਰਬਾਬ' ਤੇ ਸੰਗਤ ਕਰਨਾ ਅਤੇ ਸਮੁੱਚੀ ਬਾਣੀ ਨੂੰ ਰਾਗ ਅੰਤਰ ਨਿਬੱਧ ਕਰਨਾ ਸੰਗੀਤ ਦੇ ਅਧਿਆਤਮਿਕ ਸਰੂਪ ਨੂੰ ਦਰਸਾਉਂਦਾ ਹੈ। ਸਾਡੇ ਭਾਰਤੀ ਦਰਸ਼ਨ ਸ਼ਾਸਤਰ ਵਿੱਚ ਨਾਦ ਯੋਗ ਨੂੰ ਹੀ ਮੁਕਤੀ ਦਾ ਸਾਧਨ ਮੰਨਿਆ ਜਾਂਦਾ ਹੈ।

## ਸੰਗੀਤ ਦਾ ਮਨੁੱਖ ਦੇ ਜੀਵਨ ਦੇ ਪ੍ਰਭਾਵ

ਸੰਗੀਤ ਮਨੁੱਖ ਦੇ ਜੀਵਨ ਵਿੱਚ ਇੰਝ ਰਚਮਿਚ ਗਿਆ ਹੈ ਕਿ ਇਸ ਤੋਂ ਬਿਨਾਂ ਜੀਵਨ ਦੀ ਕੋਈ ਵੀ ਖੁਸ਼ੀ ਅਧੂਰੀ ਲੱਗਦੀ ਹੈ। ਬੱਚੇ ਦੇ ਜਨਮ ਤੋਂ ਲੈ ਕੇ ਮਨੁੱਖ ਦੀ ਅੰਤਿਮ ਯਾਤਰਾ ਤੱਕ ਸੰਗੀਤ ਮਨੁੱਖ ਦੇ ਜੀਵਨ ਦਾ ਇੱਕ ਅਟੁੱਟ ਹਿੱਸਾ ਹੈ। ਜਿਥੇ ਬੱਚੇ ਨੂੰ ਮਾਂ ਮਿੱਠੀ ਲੋਰੀ ਗਾ ਕੇ ਸੁਵਾਂਦੀ ਹੈ ਉਥੇ ਵੀਰ ਗਾਥਾ ਸੁਣਾ ਕੇ ਬਹਾਦਰ ਬਣਾਉਂਦੀ ਹੈ। ਜਿਥੇ ਵਿਆਹ ਸ਼ਾਦੀ ਦੇ ਉੱਤੇ ਘੋੜੀਆਂ ਤੇ ਸੁਹਾਗ ਗਾਏ ਜਾਂਦੇ ਹਨ ਉਥੇ ਗਮੀ ਦੇ ਮੌਕੇ ਅਲਾਉਣੀਆ ਅਤੇ ਵੈਨ ਰਾਹੀਂ ਦੁੱਖ ਜ਼ਾਹਿਰ ਕੀਤਾ ਜਾਂਦਾ ਹੈ।

ਅੱਜ ਦੇ ਭੌਤਿਕ ਵਾਦੀ ਯੁੱਗ ਵਿੱਚ ਮਨੁੱਖ ਦਾ ਮਸ਼ੀਨੀਕਰਨ ਹੋ ਗਿਆ, ਜਿਸ ਦੇ ਸਿੱਟੇ ਵਜੋਂ ਉਹ ਮਾਨਸਿਕ ਤਨਾਵ ਦਾ ਸ਼ਿਕਾਰ ਹੋ ਗਿਆ ਹੈ। ਅਜਿਹੀ ਅਵਸਥਾ ਵਿੱਚ ਜਦੋਂ 'ਸ਼ਬਦ ਕੀਰਤਨ' ਦਾ ਸੰਗੀਤ ਮਈ ਸਰਵਨ ਕੀਤਾ ਜਾਂਦਾ ਹੈ ਤੇ ਇਸ ਤਨਾਵ ਤੋਂ ਮਨੁੱਖ ਨੂੰ ਆਤਮਿਕ ਅਤੇ ਮਾਨਸਿਕ ਰੂਪ ਵਿੱਚ ਸੁੱਖ ਦਾ ਅਹਿਸਾਸ ਹੁੰਦਾ ਹੈ ਅਤੇ ਉਸ ਦੀ ਰੂਹ ਨੂੰ ਸ਼ਾਂਤੀ ਮਿਲਦੀ ਹੈ। ਸੰਗੀਤ ਦੇ ਇਸ ਪ੍ਰਭਾਵ ਦੀ ਪੁਸ਼ਟੀ ਕਰਦੇ ਹੋਏ 'ਐਡਵਰਡ ਪੋਡੋਲਸਕੀ' ਆਪਣੀ ਕਿਤਾਬ 'ਮਿਊਜ਼ਿਕ ਫਾਰ ਯੂਅਰ ਹੈਲਥ' ਵਿੱਚ ਲਿਖਦੇ ਹਨ ਕਿ, 'ਸੰਗੀਤ ਅਨੰਦ ਮਈ ਭਾਵਾ ਨੂੰ ਜਗਾ ਕੇ ਪਾਚਕ ਰਸ ਦੇ ਬਹਾਵ ਨੂੰ ਵਧਾਉਦਾ ਹੈ। ਇੰਨਾ ਹੀ ਨਹੀਂ ਸਗੋਂ ਮਨੋਵਿਗਿਆਨਿਕਾਂ ਦਾ ਮੰਨਣਾ ਹੈ ਕਿ ਸੰਗੀਤ ਮਨ ਦੀਆਂ ਤਿੰਨਾਂ ਅਵਸਥਾਵਾਂ ਚੇਤਨ, ਅਵਚੇਤਨ, ਅਚੇਤਨ, 'ਤੇ ਵੀ ਪ੍ਰਭਾਵ ਪਾਉਂਦਾ ਹੈ।[1] 'ਹੰਸ ਰਾਜ ਤਾਵੀਆ' ਜੀ ਦੇ ਅਨੁਸਾਰ 'ਉਤੇਜਿਤ ਸੰਗੀਤ ਸੁਣਨ ਦੇ ਨਾਲ ਕਈ ਪੂਰਾਣੀਆਂ ਯਾਦਾਂ ਅਤੇ ਭਾਵ ਪੁਨਰ ਜੀਵਤ ਹੋ ਜਾਂਦੇ ਹਨ'।[2] ਜਿਥੇ ਸੰਗੀਤ ਸੁਣਨ ਨਾਲ ਮਾਨਸਿਕ ਤਣਾਵ ਦੂਰ ਹੁੰਦਾ ਹੈ, ਉਥੇ ਸੰਗੀਤ ਦੇ ਮਾਧਿਅਮ ਨਾਲ ਕਈ ਰੋਗਾਂ ਤੋਂ ਛੁਟਕਾਰਾ ਪਾ ਕੇ ਆਪਣੇ ਸਰੀਰ ਨੂੰ ਅਤੇ ਮਨ ਨੂੰ ਤੰਦਰੁਸਤ ਵੀ ਰੱਖਿਆ ਜਾ ਸਕਦਾ ਹੈ। ਇਸੇ ਗੱਲ ਨੂੰ ਯਕੀਨੀ ਬਣਾਉਂਦੇ ਹੋਏ 'ਕੁਮਾਰ ਅੰਚਲ' ਇੱਕ ਲੇਖ ਵਿੱਚ ਲਿਖਦੇ ਹਨ ਕਿ 'ਨੌਜਵਾਨ ਸੁਰੀਲਾ ਅਤੇ ਮਿੱਠਾ ਸੰਗੀਤ ਸੁਣਨ ਨਾਲ ਆਪਣੇ ਵਧੇ ਹੋਏ ਖੂਨ ਦੇ ਸੰਚਾਰ ਨੂੰ ਕਾਬੂ ਕਰ ਸਕਦੇ ਹਨ ਅਤੇ ਸਾਹ ਦੀ ਤਕਲੀਫ ਨੂੰ ਵੀ ਘੱਟ ਕਰ ਸਕਦੇ ਹਨ।'[3] ਸੰਗੀਤ ਦੇ ਯੋਗਆਤਮਕ ਭਾਵ ਨੂੰ ਸਪਸ਼ਟ ਕਰਦੇ ਹੋਏ 'ਰਾਤੰਨਜਨਕਰ' ਜੀ ਦਾ ਵੀ ਇਹੀ ਮੰਨਣਾ ਹੈ ਕਿ 'ਗਾਇਨ ਸੰਗੀਤ ਆਪਣੇ-ਆਪ ਵਿੱਚ ਇਕ ਯੋਗ ਕਿਰਿਆ ਹੈ ਜੋ ਸਵਾਸ ਨਿਰੰਤਰ ਨਿਅੰਤਰਨ ਵਿੱਚ ਰੱਖਣ ਲਈ ਵਧੇਰੇ ਸਹਾਈ ਹੁੰਦੀ ਹੈ।'[4] ਆਲੱਟ ਸ਼ੂਗਰ ਦਾ ਵੀ ਇਹ ਮੰਨਣਾ ਹੈ ਕਿ 'ਸੰਗੀਤ ਵਿੱਚ ਰੋਗੀ ਦੇ ਸੰਵੇਗਆਤਮਕ ਅਤੇ ਮਾਨਿਸਕ ਪਹਿਲੂ ਨੂੰ ਜਾਗਰਤ ਕਰਨ ਦੀ ਤਾਕਤ ਹੁੰਦੀ ਹੈ। ਸੰਗੀਤ ਸੁਣਨ ਨਾਲ ਰੋਗੀ ਦੇ ਮਨ ਦੀ ਸਥਿਤੀ ਬਦਲ ਜਾਂਦੀ ਹੈ ਜਿਸ ਨਾਲ ਉਸ ਦੇ ਮਨ ਦੀਆਂ ਬਿਰਤੀਆਂ ਨੂੰ ਚੰਗੇ ਪਾਸੇ ਲਾਇਆ ਜਾ ਸਕਦਾ ਹੈ।'[5] ਇਨਾਂ ਹੀ ਨਹੀਂ ਸਗੋਂ ਸੰਗੀਤ ਦਾ ਅੱਖਾਂ ਉੱਤੇ ਪ੍ਰਭਾਵ ਵੀ ਸਪਸ਼ਟ ਕਰਦੇ ਹੋਏ 'ਪੋਡੋਲਸਕੀ' ਇੱਕ ਲੇਖ 'ਮਿਊਜ਼ਿਕ ਐਂਡ

[1] ਏਡਵਰਡ ਪੋਡੋਲਸਕੀ, ਮਿਊਜ਼ਿਕ ਫਾਰ ਯੂਅਰ ਹੈਲਥ, ਪੰਨਾ. 88.
[2] ਡਾ. ਪੂਨਮ ਦੱਤਾ, ਭਾਰਤੀਯ ਸੰਗੀਤ ਸ਼ਿਕਸ਼ਾ ਔਰ ਉਦੇਸ਼ਯ, ਪੰਨਾ. 113.
[3] ਕੁਮਾਰ ਅੰਚਲ, ਸਮਾਚਾਰ ਪੱਤਰਿਕਾ, ਨਵ-ਭਾਰਤ, 'ਵਿਧਾਤਾ ਕੀ ਅਦਭੁਤ ਕ੍ਰਿਤੀ ਹੈ ਹਮਾਰਾ ਦਿਮਾਗ', ਮਿਤੀ 12-03-1997.
[4] ਐਸ. ਐਨ. ਰਾਤੰਨਜਨਕਰ, ਐਸਥੇ ਐਕਪੇ ਆਫ਼ ਇੰਡਿਆਜ਼ ਮਿਊਜ਼ਿਕਲ ਹਰਟੀ, ਪੰਨਾ. 6.
[5] ਡਾ. ਕਵਿਤਾ ਚੱਕਰਵਰਤੀ, ਭਾਰਤੀਯ ਸੰਗੀਤ ਕੀ ਮਨੋਵਿਗਿਆਨਿਕ ਪ੍ਰਿਸ਼ਠਭੂਮੀ, ਪੰਨਾ.168.

ਮੈਂਟਲ ਹੈਲਥ' ਵਿੱਚ ਲਿਖਦੇ ਹਨ ਕਿ 'ਇਕ ਆਦਮੀ ਜੋ ਆਪਣੀ ਪਤਨੀ ਦੀ ਮੌਤ ਦੇ ਸਦਮੇ ਕਾਰਨ 'ਹਿਸਟੀਰੀਆ' ਵਜੋਂ ਅੰਨਾ ਹੋ ਗਿਆ ਸੀ। ਉਸਦੇ ਉਪਚਾਰ ਲਈ ਇੱਕ ਪਿਆਨੋਵਾਦਕ ਨੇ ਤਿੰਨ ਦਿਨਾ ਦਾ ਸਫ਼ਲ ਪ੍ਰਯੋਗ ਕੀਤਾ ਜਿਸਦੇ ਸਿੱਟੇ ਵਜੋਂ ਰੋਗੀ ਦੀਆਂ ਅੱਖਾਂ ਦੀਆਂ ਨਸਾਂ ਢਿਲੀਆਂ ਹੋ ਜਾਣ ਕਰਕੇ ਉਹ ਦੇਖਣ ਯੋਗ ਹੋ ਗਿਆ।'[6] ਪੋਡੋਲਸਕੀ ਇਕ ਹੋਰ ਉਦਾਹਰਣ ਦਿੰਦੇ ਹੋਏ ਲਿਖਦੇ ਹਨ ਕਿ 'ਦਸਾਂ ਸਾਲਾਂ ਦਾ ਇਕ ਅਸਾਧਰਣ ਰੂਪ ਤੋਂ ਚੰਚਲ ਬੱਚੇ ਉੱਤੇ ਸੰਗੀਤ ਦੇ ਪ੍ਰਭਾਵ ਨੂੰ ਦਰਸਾਉਂਦੇ ਹੋਏ ਉਸਦੀ ਮਾਂ ਦਾ ਕਹਿਣਾ ਸੀ ਕਿ ਫੋਨੋਗ੍ਰਾਮ ਤੇ ਸੰਗੀਤ ਸੁਣਦਾ ਹੋਇਆ ਉਹ ਕਈ ਘੰਟੇ ਖੜਾ ਰਹਿੰਦਾ ਸੀ। ਕੇਵਲ ਸੰਗੀਤ ਹੀ ਉਹ ਸ਼ਕਤੀ ਸੀ ਜਿਹੜੀ ਉਸਨੂੰ ਸ਼ਾਂਤ ਰਖਦੀ ਸੀ ਕੇਵਲ ਸੰਗੀਤ ਸੁਣਨ ਵੇਲੇ ਹੀ ਉਹ ਸਧਾਰਣ ਮਨੁੱਖ ਵਾਂਗ ਪ੍ਰਤੀਤ ਹੁੰਦਾ ਸੀ।'[7] ਰਾਜਸਥਾਨ ਦੇ ਪ੍ਰਸਿੱਧ ਸੰਗੀਤਕਾਰ ਪੰਨਾ ਲਾਲ ਆਪਣੇ ਤਜ਼ਰਬੇ ਅਨੁਸਾਰ ਕਈ ਰਾਗਾਂ ਦਾ ਵੱਖਰੇ-ਵੱਖਰੇ ਅਜਿਹੇ ਕਈ ਰੋਗਾਂ ਉੱਤੇ ਪ੍ਰਭਾਵ ਨੂੰ ਮਹਿਸੂਸ ਕਰਦੇ ਹਨ ਜਿਹਨਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:[8]

| | | |
|---|---|---|
| ਰਾਗ ਬਿਭਾਸ | = | ਕਫ਼ ਸਿਰਦਰਦ ਅਤੇ ਬੁਖਾਰ ਲਈ ਉਪਯੋਗੀ |
| ਭੈਰਵ | = | ਕਫ਼ ਨਾਸ਼ਕ |
| ਆਸਾਵਰੀ | = | ਸਿਰ ਦਰਦ ਤੇ ਪ੍ਰਭਾਵਕਾਰੀ |
| ਧਨਾਸਰੀ | = | ਉਤਸ਼ਾਹ ਵਰਧਕ, ਕਫ਼ ਨਾਸ਼ਕ |
| ਸਾਰੰਗ | = | ਪਿਤ ਨਾਸ਼ਕ, ਬੁਖਾਰ ਆਉਣ ਤੇ ਪਸੀਨਾ ਲਿਆਉਂਦਾ ਹੈ |
| ਕਾਨੜ੍ਹਾ | = | ਪੇਟ ਦੇ ਰੋਗਾਂ ਲਈ ਉਪਯੋਗੀ |

ਉਪਰ ਦਿੱਤੀਆਂ ਸਾਰੀਆਂ ਉਦਾਹਰਣਾਂ ਦੇ ਆਧਾਰ ਤੇ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸੰਗੀਤ ਕਲਾ ਸਾਰੀਆਂ ਲਲਿਤ ਕਲਾਵਾਂ ਵਿੱਚ ਵਧੇਰੇ ਪ੍ਰਭਾਵਕਾਰੀ ਹੈ। ਕਿਉਂਕਿ ਇਹ ਮਨੁੱਖ ਦੀ ਵਧੇਰੇ ਗਿਆਨ ਇੰਦਰੀਆਂ ਨੂੰ ਆਪਣੇ ਵਿੱਚ ਸ਼ਾਮਿਲ ਕਰਕੇ ਤਣਾਵ ਦੂਰ ਕਰਕੇ ਧਿਆਨ ਇਕਾਗਰ ਕਰਦੀ ਹੈ। ਇਹੀ ਕਾਰਣ ਹੈ ਕਿ ਪ੍ਰਾਚੀਨ ਕਾਲ ਤੋਂ ਹੀ ਸੰਗੀਤ ਨੂੰ ਪੀਰਾਂ, ਫੁਕੀਰਾਂ, ਸਾਧੂ ਸੰਤਾਂ ਅਤੇ ਅਵਤਾਰੀ ਪੁਰਸ਼ਾਂ ਨੇ ਉਸ ਅਕਾਲ ਪੁਰਖ ਨੂੰ ਪਾਉਣ ਦਾ ਇਕ ਉੱਤਮ ਜ਼ਰੀਆ ਮੰਨਿਆ ਹੈ। ਇਸ ਚੀਜ਼ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਗੁਰੂ ਸਾਹਿਬਾਨ ਨੇ ਸਮੁੱਚੀ ਬਾਣੀ ਨੂੰ ਰਾਗ ਅਧੀਨ ਰੱਖਿਆ। ਜਿੱਥੇ ਸੰਗੀਤ ਦਾ ਮਨੁੱਖ ਦੇ ਉੱਤੇ ਪ੍ਰਭਾਵ ਹੈ ਉੱਥੇ ਇਸਦੇ ਪ੍ਰਭਾਵ ਤੋਂ ਪਸ਼ੂ, ਪੰਛੀ, ਜਾਨਵਰ ਵੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ।

ਸੰਗੀਤ ਦਾ ਪਸ਼ੂ-ਪੰਛੀਆਂ ਤੇ ਪ੍ਰਭਾਵ

ਮਨੁੱਖ ਤੋਂ ਇਲਾਵਾ ਪਸ਼ੂ ਪੰਛੀ ਵੀ ਸੰਗੀਤ ਦਾ ਆਨੰਦ ਮਾਣਦੇ ਹਨ ਅਤੇ ਚੰਗੇ-ਮਾੜੇ ਦੀ ਪ੍ਰਤੀਕਿਰਿਆ ਵੀ ਕਰਦੇ ਹਨ ਇਸ ਦੀਆਂ ਉਦਾਹਰਣਾਂ ਸਾਨੂੰ ਅਤਿ ਪ੍ਰਾਚੀਨ ਕਾਲ ਤੋਂ ਹੀ ਵੇਖਣ ਨੂੰ ਮਿਲਦੀਆਂ ਹਨ ਜਿਵੇਂ ਭਗਵਾਨ ਸ੍ਰੀ ਕ੍ਰਿਸ਼ਨ ਦੇ ਬੰਸਰੀ ਵਾਦਨ ਤੇ ਗਊਆਂ ਦਾ ਜਮ੍ਹਾ ਹੋ ਜਾਣਾ ਅਤੇ ਸਵਾਮੀ ਹਰੀ ਦਾਸ ਜੀ ਦੇ ਗਾਇਨ ਤੋਂ ਪ੍ਰਭਾਵਿਤ ਹੋ ਕੇ ਸਾਰੇ ਜਾਨਵਰਾਂ ਦਾ ਇਕੱਠਾ ਹੋ ਕੇ ਬੈਠਣਾ ਅਤੇ ਤਾਨਸੇਨ ਦੇ ਗਾਇਨ ਤੋਂ ਪ੍ਰਭਾਵਿਤ ਹੋ ਕੇ ਹਿਰਨਾਂ ਦਾ ਇਕੱਠਾ ਹੋ ਜਾਣਾ ਤੇ ਉਸਦਾ ਗਾਇਨ ਸੁਣਨਾ ਆਦਿ। 'ਅਕਬਰ ਕਾਲ ਵਿੱਚ ਤਾਨਸੇਨ ਸਰਵਸਰੇਸ਼ਟ ਗਾਇਕ ਮੰਨੇ ਜਾਂਦੇ ਸਨ। ਬੈਜੂ ਬਾਵਰਾ ਵੀ ਉਹਨਾਂ ਦਾ ਸਮਕਾਲੀ ਸੀ। ਇਨ੍ਹਾਂ ਦੋਨਾਂ ਦੀ ਇੱਕ ਪ੍ਰਤੀਯੋਗਤਾ ਬਾਰੇ ਕਈ ਵਿਦਵਾਨਾਂ ਨੇ ਆਪਣੀਆਂ ਕਿਤਾਬਾਂ ਵਿਚ ਲਿਖਿਆ ਹੈ ਕਿ ਦੋਹਾਂ ਵਿੱਚ ਇੱਕ ਗਾਇਨ ਮੁਕਾਬਲਾ ਹੋਇਆ, ਜਿਸ ਵਿੱਚ ਤਾਨਸੇਨ ਦਾ ਗਾਣਾ ਸੁਣ ਕੇ ਕਈ ਹਿਰਣ ਵਨ ਵਿੱਚ ਆ ਗਏ ਅਤੇ ਗਾਣਾ ਸੁਨਣ ਲਗੇ, ਜਿਨ੍ਹਾ ਵਿਚੋਂ ਇਕ ਹਿਰਨ ਦੇ ਗਲੇ ਵਿੱਚ ਤਾਨਸੇਨ ਨੇ ਫੁੱਲਾਂ ਦਾ ਹਾਰ ਪਾ ਦਿੱਤਾ ਗਾਨਾ ਖਤਮ ਹੁੰਦੇ ਹੀ ਸਭ ਹਿਰਨ ਵਾਪਿਸ ਚਲੇ ਗਏ। ਜਦੋਂ ਬੈਜੂ ਦੇ ਗਾਉਣ ਦੀ ਵਾਰੀ ਆਈ

[6] ਏਡਵਰਡ ਪੋਡੋਲਸਕੀ, ਮਿਊਜ਼ਿਕ ਫਾਰ ਯੂਅਰ ਹੈਲਥ, ਪੰਨਾ. 41-42.

[7] ਉਹੀ, ਪੰਨਾ. 31.

[8] ਰਜਨੀ ਅਪਸਿੰਗੇਕਰ, ਮਰਾਠੀ ਪੱਤ੍ਰਿਕਾ, ਲੋਕਪ੍ਰਭਾ, 'ਸੰਗੀਤ ਰੋਗੋਪਚਾਰ', ਮਿਤੀ 04-04-1997, ਪੰਨਾ.48.

ਤਾਂ ਉਸਨੇ ਗਾ ਕੇ ਉਸੇ ਹਿਰਨ ਨੂੰ ਬੁਲਾ ਲਿਆ ਜਿਸਦੇ ਗਲ ਵਿੱਚ ਫੁੱਲਾਂ ਦਾ ਹਾਰ ਸੀ ਤੇ ਉਸ ਹਾਰ ਨੂੰ ਗਲੇ ਵਿਚੋਂ ਲਾਹ ਕੇ ਤਾਨਸੇਨ ਨੂੰ ਪੇਸ਼ ਕਰ ਦਿੱਤਾ'[9] ਆਧੁਨਿਕ ਯੁੱਗ ਵਿੱਚ ਦੇਖੀਏ ਤੇ ਕਈ ਉਦਾਹਰਣਾਂ ਅਜਿਹੀਆਂ ਵੇਖਣ ਨੂੰ ਮਿਲਦੀਆਂ ਹਨ। ਪੰਡਤ 'ਜਗਦੀਸ ਨਾਰਾਇਣ' ਪਾਠਕ ਆਪਣੀ ਕਿਤਾਬ 'ਸੰਗੀਤ ਨਿਬੰਧ ਮਾਲਾ' ਵਿੱਚ ਲਿਖਦੇ ਹਨ, 'ਮੇਹਰ ਦੇ ਉਸਤਾਦ ਅਲਾਉਦੀਨ ਖਾਂ ਸਾਹਿਬ ਇਕ ਦਿਨ ਸਰੋਦ 'ਤੇ ਕਿਸੇ ਰਾਗ ਦਾ ਅਭਿਆਸ ਕਰ ਰਹੇ ਸਨ ਕਿ ਇੱਕ ਕਾਲਾ ਸੱਪ ਉਹਨਾਂ ਦੇ ਕੋਲ ਆ ਕੇ ਬੈਠ ਗਿਆ ਪਰ ਉਹ ਆਪਣੇ ਅਭਿਆਸ ਵਿੱਚ ਮਗਨ ਸਨ, ਜਦੋ ਉਹਨਾਂ ਨੇ ਸਰੋਦ ਵਜਾਉਣਾ ਬੰਦ ਕੀਤਾ ਤਾਂ ਦੇਖਿਆ ਕਿ ਸੱਪ ਬੜੇ ਸ਼ਾਂਤ ਭਾਵ ਨਾਲ ਵਾਪਿਸ ਚਲਾ ਗਿਆ। ਦੂਜੇ ਦਿਨ ਵੀ ਇਹ ਘਟਨਾ ਕੁਝ ਦਰਸ਼ਕਾਂ ਸਾਹਮਣੇ ਘਟੀ।'[10] ਇਸ ਤੋਂ ਇਲਾਵਾ 'ਅਮਰੀਕਾ ਵਿਚ ਗਊਆਂ ਦੀ ਵਧੇਰੇ ਦੁੱਧ ਦੇਣ ਸੰਬੰਧੀ ਸੰਗੀਤ ਦਾ ਪ੍ਰਯੋਗ ਕੀਤਾ ਗਿਆ ਤਾਂ ਪਾਇਆ ਗਿਆ ਕਿ ਗਊਆ ਦੇ ਦੁੱਧ ਚੋਣ ਸਮੇਂ ਉਹਨਾਂ ਨੂੰ ਸੰਗੀਤ ਸੁਣਾਇਆ ਜਾਂਦਾ ਸੀ ਤਾਂ ਉਹ ਬਿਨਾਂ ਹਿਲਜੁਲ ਕੀਤੇ ਸ਼ਾਂਤ ਭਾਵ ਦੇ ਨਾਲ ਪਹਿਲੇ ਤੋਂ ਵਧੇਰਾ ਦੁੱਧ ਦੇਣ ਲੱਗੀਆਂ।'[11] ਇਹ ਹੀ ਨਹੀਂ ਸਗੋਂ ਕਈ ਹਿੰਸਕ ਜਾਨਵਰਾਂ ਤੇ ਵੀ ਸੰਗੀਤ ਦਾ ਪ੍ਰਭਾਵ ਵੇਖਿਆ ਗਿਆ। ਜਿਵੇਂ 'ਦਰਿਆਈ ਘੋੜਾ ਤੇ ਗੈਂਡਾ ਆਪਣੀ ਗਹਿਰੀ ਨੀਂਦ ਦੇ ਲਈ ਪ੍ਰਸਿੱਧ ਹਨ। ਉਹਨਾਂ ਨੂੰ ਜਗਾਉਣ ਸੰਬੰਧੀ ਸੰਗੀਤ ਦਾ ਸਫ਼ਲ ਪ੍ਰਭਾਵ ਦੇਖਿਆ ਗਿਆ। ਉਹ ਸੰਗੀਤ ਸੁਣਦੇ ਹੀ ਚੌਕੰਨੇ ਹੋ ਕੇ ਉਠ ਪਏ ਅਤੇ ਇੱਥੇ ਉਥੇ ਜਾਣ ਦੀ ਬਜਾਏ ਇਕੋ ਜਗ੍ਹਾ ਤੇ ਬੈਠ ਕੇ ਕਾਫੀ ਦੇਰ ਤਕ ਸੰਗੀਤ ਸੁਣਦੇ ਰਹੇ।'[12] ਹੋਰ ਉਦਾਹਰਣ ਅਨੁਸਾਰ ਸੱਪ ਦਾ ਬੀਨ ਨੂੰ ਸੁਣਕੇ ਮਸਤ ਮਲੰਗ ਹੋ ਕੇ ਨਚਣਾ ਵੀ ਉਸ ਉੱਤੇ ਸੰਗੀਤ ਪ੍ਰਭਾਵ ਨੂੰ ਸਿੱਧ ਕਰਦੀ ਹੈ। 'ਅਬਦੁਲ ਕਰੀਮ ਖਾਂ ਸਾਹਿਬ' ਦਾ ਚਹੇਤਾ ਕੁੱਤਾ ਉਨ੍ਹਾਂ ਦੇ ਗਾਣੇ ਤੋਂ ਇੰਨਾ ਪ੍ਰਭਾਵਿਤ ਸੀ ਕਿ ਤਾਨਪੁਰਿਆਂ ਦੇ ਛਿੜਦੇ ਹੀ ਸ਼ੜਜ ਸੁਰ ਦੇ ਨਾਲ ਆਪਣਾ ਸੁਰ ਮਿਲਾਂਦਾ ਸੀ। ਇਕ ਹੋਰ ਉਦਾਹਰਣ ਵਿੱਚ 'ਪੰਡਿਤ ਉਂਕਾਰ ਨਾਥ ਠਾਕੁਰ ਜੀ ਦਾ ਲਖਨਊ ਦੇ ਚਿੜਿਆ ਘਰ ਵਿੱਚ ਸ਼ੇਰ ਜਿਹੇ ਖ਼ੂੰਖਾਰ ਅਤੇ ਭਿਆਨਕ ਜਾਨਵਰ ਉੱਤੇ ਕੋਮਲ ਗੰਧਾਰ ਦੇ ਵਿਸ਼ਿਸ਼ਟ ਪ੍ਰਯੋਗ ਦੁਆਰਾ ਕਾਬੂ ਪਾ ਲੈਣਾ ਇਕ ਪ੍ਰਸ਼ੰਸਾ ਯੋਗ ਪ੍ਰਯੋਗ ਹੈ।'[13]

ਇਸ ਪ੍ਰਕਾਰ 'ਜਿੱਥੇ ਪਸ਼ੂਆਂ ਉੱਤੇ ਸੰਗੀਤ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ ਉਥੇ ਪੰਛੀ ਵੀ ਇਸ ਤੋਂ ਅਛੂਤੇ ਨਹੀਂ ਰਹਿੰਦੇ ਜਿਵੇਂ ਪੰਛੀਆਂ ਉਤੇ ਇਹ ਪ੍ਰਭਾਵ ਕਬੂਤਰਾਂ ਅਤੇ ਮੁਰਗੀਆਂ ਤੇ ਜਾਂਚਿਆ ਗਿਆ ਅਤੇ ਦੇਖਿਆ ਗਿਆ ਕਿ ਸੰਗੀਤ ਦੇ ਸ਼ੌਕੀਨ ਪੰਛੀ ਬੜੇ ਉਤੇਜਿਤ ਹੁੰਦੇ ਹਨ ਉਹਨਾਂ ਦੇ ਅੰਡੇ ਗਿਣਤੀ ਤੇ ਭਾਰ ਵਿਚ ਵਧੇਰੇ ਹੁੰਦੇ ਹਨ।'[14] ਇਸ ਲਈ ਸੰਗੀਤ ਮਈ ਵਾਤਾਵਰਣ ਵਿੱਚ ਜਨਮੇ ਪੰਛੀ ਜਲਦੀ ਜਵਾਨ ਹੁੰਦੇ ਹਨ ਅਤੇ ਉਹਨਾਂ ਦੀ ਪ੍ਰਜਣਨ ਸ਼ਕਤੀ ਦੂਜਿਆਂ ਦੇ ਮੁਕਾਬਲੇ ਜ਼ਿਆਦਾ ਹੁੰਦੀ ਹੈ। ਉੱਪਰ ਦਿੱਤੀਆਂ ਉਦਾਹਰਣਾ ਤੋਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਸੰਗੀਤ ਮਨੁੱਖ ਤੇ ਹੀ ਨਹੀਂ ਦੁਨੀਆ ਦੇ ਹਰ ਇਕ ਜੀਵ ਤੇ ਆਪਣਾ ਪ੍ਰਭਾਵ ਪਾਉਂਦੇ ਹਨ।

### ਸੰਗੀਤ ਦਾ ਬਨਸਪਤੀ ਤੇ ਪ੍ਰਭਾਵ

ਪੇੜ ਪੌਦਿਆ ਤੇ ਵੀ ਸੰਗੀਤ ਦਾ ਪ੍ਰਭਾਵ ਮਨੁੱਖ ਵਾਂਗ ਹੀ ਸਪੱਸ਼ਟ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਮਨੁੱਖ ਅਤੇ ਆਕਸੀਜਨ ਦੇ ਆਧਾਰ ਤੇ ਜਿਉਣ ਵਾਲੇ ਹੋਰ ਪ੍ਰਾਣੀਆਂ ਦਾ ਜੀਵਨ-ਆਧਾਰ ਇਹ ਬਨਸਪਤੀ ਹੀ ਹੈ। ਮਨੁੱਖ ਦੁਆਰਾ ਛੱਡੀ ਕਾਰਬਨਡਾਈਔਕਸਾਇਡ ਨੂੰ ਗ੍ਰਹਿਣ ਕਰਨ ਵਾਲੀ ਇਹ ਬਨਸਪਤੀ ਨਾ ਹੁੰਦੀ ਤਾਂ ਸਾਡਾ ਜੀਵਨ ਅਸੰਭਵ ਸੀ। ਮਨੁੱਖ ਲਈ ਇਨਾ ਮਹੱਤਵ ਰੱਖਣ ਵਾਲੀ ਬਨਸਪਤੀ ਨੂੰ ਸੰਗੀਤ ਕਿਸ ਤਰ੍ਹਾਂ ਪ੍ਰਭਾਵਿਤ ਕਰਦਾ ਹੈ, ਇਸ ਸੰਬੰਧੀ ਵਰਣਨ ਇਸ ਤਰ੍ਹਾਂ ਹੈ।

---

9 ਸਤੀਸ਼ ਵਰਮਾਂ, ਸੰਗੀਤ ਚਿਕਿਤਸਾ, ਪੰਨਾ. 228.
10 ਪੰ. ਜਗਦੀਸ਼ ਨਰਾਇਣ ਪਾਠਕ, ਸੰਗੀਤ ਨਿਬੰਧ ਮਾਲਾ, ਪੰਨਾ. 116.
11 ਸੰਗੀਤ ਕਲਾ ਵਿਹਾਰ, ਜਨਵਰੀ 1961, ਪੰਨਾ.16.
12 ਅਚਾਰਯ ਸ੍ਰੀ ਰਾਮ ਸ਼ਰਮਾ, ਵਾਗਮਈ ਸ਼ਬਦ ਬ੍ਰਹਮ ਨਾਦ ਬ੍ਰਹਮ, ਪੰਨਾ. 5-36.
13 ਡਾ. ਅਰੁਣ ਬਾਗਰੇ, ਗਵਾਲੀਅਰ ਕੀ ਸੰਗੀਤ ਪ੍ਰੰਪਰਾ, ਪੰਨਾ. 170.
14 ਅਚਾਰਯ ਸ੍ਰੀ ਰਾਮ ਸ਼ਰਮਾ, ਵਾਗਮਈ ਸ਼ਬਦ ਬ੍ਰਹਮ ਨਾਦ ਬ੍ਰਹਮ, ਪੰਨਾ. 5-35.

ਪੰ: ਉਂਕਰ ਨਾਥ ਠਾਕੁਰ ਆਪਣੀ ਕਿਤਾਬ 'ਪ੍ਰਣਵ ਭਾਰਤੀ' ਵਿੱਚ ਲਿਖਦੇ ਹਨ ਕਿ 'ਉਹ ਇੱਕ ਦਿਨ ਬਨਸਪਤੀ ਸ਼ਾਸਤਰੀ 'ਸ਼ਾਸਤਰੀ ਜੇ ਸੀ ਬੋਸ' ਦੀ ਪ੍ਰਯੋਗਸ਼ਾਲਾ ਵਿੱਚ ਗਏ ਉਥੇ ਰਾਗ 'ਭੈਰਵੀ' ਗਾਉਣ ਤੋਂ ਪਹਿਲੇ ਯੰਤਰ ਰਾਹੀਂ ਪੌਦਿਆਂ ਦੀਆਂ ਪੱਤੀਆਂ ਦੀ ਅਵਸਥਾ ਨੂੰ ਵੇਖਿਆ ਅਤੇ ਰਾਗ ਗਾਇਨ ਤੋਂ ਬਾਅਦ ਪੱਤੀਆਂ ਤੇ ਆਈ ਚਮਕ ਨੂੰ ਯੰਤਰ ਰਾਹੀਂ ਜਾਚਿਆ।'[15] ਇਸੇ ਤਰ੍ਹਾਂ ਇਕ ਹੋਰ ਬਨਸਪਤੀ ਸ਼ਾਸਤਰੀ 'ਟੀ ਸੀ ਇੰਨ ਜੀ ਸਿੰਘ' ਨੇ ਆਪਣੇ ਸਹਿਯੋਗੀ 'ਸੈਟੇਲਾ' (ਇੱਕ ਪ੍ਰਸਿੱਧ ਵਾਯਲਿਨ ਵਾਦਕ) ਦੇ ਨਾਲ ਮਿਲ ਕੇ ਪੇੜ ਪੌਦਿਆਂ ਉਤੇ ਕਈ ਪ੍ਰਯੋਗ ਕੀਤੇ। ਉਹਨਾਂ ਨੇ ਕੇਲੇ ਅਤੇ ਝੋਨੇ ਦੀ ਫਸਲ 'ਸੈਟੇਲਾ' ਦਾ ਨਿਰੰਤਰ ਵਾਇਲਨ ਵਾਦਨ ਸੁਣਾਇਆ ਤੇ ਨਤੀਜੇ ਵਜੋਂ ਇਹ ਪਾਇਆ ਕਿ ਉਹਨਾਂ ਦੇ ਉਤਪਾਦਨ ਤੇ ਪੈਦਾਵਾਰ ਵਿੱਚ ਵਧੇਰੇ ਵਾਧਾ ਹੋਇਆ।'[16]

ਅੱਜ ਕੱਲ ਵਿਕਸਿਤ ਦੇਸ਼ਾਂ ਵਿੱਚ ਫ਼ਸਲਾਂ ਲਈ ਖਾਦ ਤੇ ਪਾਣੀ ਤੋਂ ਇਲਾਵਾ ਸੰਗੀਤ ਦਾ ਵੀ ਪ੍ਰਯੋਗ ਕੀਤਾ ਜਾਣ ਲੱਗ ਪਿਆ ਹੈ। ਇਸ ਦੇ ਸੰਬੰਧ ਵਿੱਚ 'ਮੱਕੇ' ਦੀ ਖੇਤੀ ਤੇ ਸੰਗੀਤ ਪ੍ਰਯੋਗ ਕਰਕੇ ਵਧੇਰੇ ਫ਼ਸਲ ਪੈਦਾ ਕਰਕੇ 'ਅਮਰੀਕਾ ਦੇ ਕਿਸਾਨ ਜਾਰਜ ਸਿਮਿੱਥ ਨੇ ਅੰਤਰਰਾਸ਼ਟਰੀ ਪੱਧਰ ਤੇ ਆਪਣਾ ਨਾਮ ਬਣਾਇਆ ਹੈ।'[17] 'ਕਈ ਹੋਰ ਵਿਗਿਆਨਿਕਾਂ ਦਾ ਇਹ ਵੀ ਮੰਨਣਾ ਹੈ ਕਿ ਸੰਗੀਤ ਦੁਆਰਾ ਬੀਜਾਂ ਦੇ ਪੁੰਗਰਣ ਤੇ ਵੀ ਵਧੇਰੇ ਅਸਰ ਪੈਂਦਾ ਹੈ। ਇੱਕ ਹੋਰ ਪ੍ਰਯੋਗ ਵਿੱਚ 'ਮਾਸਕੋ ਦੇ ਖੇਤੀ ਵਿਗਿਆਨਿਕਾਂ ਨੇ ਸੰਗੀਤ ਦੇ ਪ੍ਰਭਾਵ ਨਾਲ ਕਣਕ ਅਤੇ ਜੌਂ ਦੀ ਖੇਤੀ ਨੂੰ 10% ਤੋਂ 50% ਤੱਕ ਵਧਾਉਣ ਦੇ ਸਫ਼ਲ ਨਤੀਜੇ ਪਾਏ ਹਨ।'[18] ਇਸੇ ਤਰ੍ਹਾਂ ਜਾਪਾਨ ਦੇ 'ਉਸਾਕਾ' ਸ਼ਹਿਰ ਵਿੱਚ ਵੱਸ ਰਹੇ ਖੇਤੀ ਵਿਗਿਆਨਿਕ 'ਯੋਸੀਤੋ ਉੱਸਾਈ' ਨੇ ਆਪਣੇ ਬਾਗੀਚੇ ਵਿੱਚ ਲੱਗੇ ਟਮਾਟਰ, ਚੁਕੰਦਰ, ਤਰਬੂਜ ਦੇ ਬੂਟਿਆ ਤੇ ਸੰਗੀਤ ਦੇ ਪ੍ਰਯੋਗ ਕੀਤੇ ਤੇ ਪਾਇਆ ਕਿ ਨਾ ਤੇ ਫ਼ਲਾ ਤੇ ਸ਼ਬਜੀਆਂ ਦਾ ਵਜ਼ਨ ਤੇ ਆਕਾਰ ਵਧਿਆ ਹੈ ਸਗੋਂ ਉਹਨਾਂ ਦੇ ਸ਼ਬਦ ਅਤੇ ਰਸਾਇਣਿਕ ਤੱਤਾਂ ਵਿੱਚ ਵੀ ਵਾਧਾ ਹੋਇਆ ਹੈ।'[19] ਇੱਕ ਹੋਰ ਪ੍ਰਯੋਗ 'ਟੀ ਸੀ ਇਨ ਸਿੰਘ ਜੀ ਨੇ ਇੱਕ ਖੇਤ ਨੂੰ ਦੋ ਭਾਗਾਂ ਵਿੱਚ ਵੰਡਿਆ ਅਤੇ ਖਾਦ ਪਾਣੀ ਦੀ ਸਮਾਨਤਾ ਦੇ ਬਾਵਜੂਦ ਇਹ ਨਤੀਜਾ ਪਾਇਆ ਕਿ ਖੇਡ ਦੇ ਜਿਸ ਹਿੱਸੇ ਨੂੰ ਰੋਜ਼ ਸੰਗੀਤ ਸੁਣਾਇਆ ਜਾਂਦਾ ਸੀ, ਉਸ ਦੇ ਫ਼ਲ ਤੇ ਬੂਟੇ ਵਧੇਰੇ ਲੰਬੇ ਤੇ ਸੰਘਣੇ ਪੈਦਾ ਹੋਏ ਅਤੇ ਉਹਨਾ ਦਾ ਬੀਜ ਨਿਰਮਾਣ ਵੀ ਖੇਤ ਦੇ ਦੂਜੇ ਹਿੱਸੇ ਦੇ ਬੂਟਿਆ ਨਾਲੋਂ ਵਧੇਰੇ ਸੀ।'[20] 'ਵਿਦੇਸ਼ਾ ਦੇ ਵਾਂਗ ਸਾਡੇ ਦੇਸ਼ ਵਿੱਚ ਵੀ ਅਜਿਹੇ ਕਈ ਪ੍ਰਯੋਗ ਕੀਤੇ ਜਾ ਰਹੇ ਹਨ। ਜਿਵੇਂ ਅਸਮ ਦੇ ਗੁਆਟੀ ਵਿੱਚ 'ਆਈ ਸੀ ਐੱਲ ਐੱਲ' ਦੇ ਪੰਜ ਏਕੜ ਦੇ ਖੇਤ ਵਿੱਚ ਕਰੀਬ ਇੱਕ ਲੱਖ ਬੂਟੇ ਨੂੰ ਰੋਜ਼ ਸਵੇਰੇ 7 ਵਜੇ ਤੋਂ 11 ਵਜੇ ਤੱਕ ਧਾਰਮਿਕ ਸੰਗੀਤ ਸੁਣਾਇਆ ਜਾਂਦਾ ਹੈ।'[21] ਇੱਕ ਵਿਗਿਆਨਿਕ 'ਡੀ ਕੇ ਰੋਕਿਆ' ਇਹ ਦਾਅਵਾ ਕਰਦੇ ਹਨ ਕਿ ਜਦੋਂ ਤੋਂ ਪੇੜ ਪੌਦਿਆਂ ਨੂੰ ਸੁਰੀਲੇ ਸੰਗੀਤ ਦੀ ਖੁਰਾਕ ਦਿੱਤੀ ਜਾਣ ਲੱਗੀ ਹੈ, ਉਹਨਾਂ ਵਿੱਚ ਹੈਰਾਨ ਕਰ ਦੇਣ ਵਾਲੇ ਨਤੀਜੇ ਸਾਹਮਣੇ ਆਏ ਹਨ ਅਤੇ ਉਹਨਾਂ ਦੇ ਮਿਆਰ ਵਿੱਚ ਵੀ ਕਾਫ਼ੀ ਬਦਲਾਉ ਪਾਇਆ ਗਿਆ ਹੈ। 'ਗੇਦੇਂ ਦੇ ਫੁੱਲਾਂ ਦੀ ਉਚਾਈ ਵਾਯਲਿਨ ਤੇ ਵਜਾ ਕੇ ਰਾਗ 'ਮਾਇਆ ਮਾਲਵ ਗੋੜ' ਦੇ ਰਾਂਹੀ 40% ਵੱਧ ਗਈ ਅਤੇ ਗੰਨੇ ਦੇ ਪੌਦੇ ਨੂੰ ਕੇਵਲ ਪੰਚਮ ਸਵਰ ਸੁਣਾਉਣ ਤੇ ਇਸ ਦੀ ਉਚਾਈ 60% ਵੱਧ ਗਈ।'[22] ਇਹ ਹੀ ਨਹੀਂ ਬਲਕਿ ਵਿਗਿਆਨਿਕਾਂ ਨੇ ਇਹ ਵੀ ਸਿੱਧ ਕੀਤਾ ਹੈ ਕਿ ਮਨੁੱਖ ਦੇ ਵਾਂਗ ਪੇੜ ਪੌਦਿਆਂ ਨੂੰ ਵੀ ਸੰਗੀਤ ਸੁਣਾਅ ਕੇ ਬਿਮਾਰ ਹੋਣ ਤੋਂ ਬਚਾਇਆ ਜਾ ਸਕਦਾ ਹੈ। ਉੱਪਰ ਦਿੱਤੀਆਂ ਉਦਾਹਰਨਾਂ ਤੋਂ ਸਾਫ਼-ਪਤਾ

[15] ਪੰ. ਓਕਾਰ ਨਾਥ ਠਾਕੁਰ, ਪ੍ਰਣਬ ਭਾਰਤੀ, ਪੰਨਾ. 33.

[16] ਸੰਗੀਤ ਪੱਤ੍ਰਿਕਾ, ਫਰਵਰੀ 1961, ਪੰਨਾ. 43.

[17] ਅਚਾਰਯ ਸ੍ਰੀ ਰਾਮ ਸ਼ਰਮਾ, ਵਾਗਮਈ ਸ਼ਬਦ ਬ੍ਰਹਮ ਨਾਦ ਬ੍ਰਹਮ, ਪੰਨਾ.65.

[18] ਅਚਾਰਯ ਸ੍ਰੀ ਰਾਮ ਸ਼ਰਮਾ, ਵਾਗਮਈ ਸ਼ਬਦ ਬ੍ਰਹਮ ਨਾਦ ਬ੍ਰਹਮ, ਪੰਨਾ.65.

[19] ਉਹੀ.,

[20] ਅਚਾਰਯ ਸ੍ਰੀ ਰਾਮ ਸ਼ਰਮਾ ਏਵਮ ਸ੍ਰੀਮਤੀ ਭਗਵਤੀ ਸ਼ਰਮਾਂ, ਸਾਮਵੇਦ ਸੰਹਿਤਾ, ਪੰਨਾ. 10.

[21] ਸ਼ਮਾਚਾਰ ਪੱਤ੍ਰਿਕਾ, ਨਈਂ ਦੁਨਿਆ, ਭਜਨ ਸੁਨਕਰ ਫਲਤੇ ਫੁਲਤੇ ਪੇੜ, ਮਿਤੀ 10-09-1998.

[22] ਆਸ਼ਾ ਅਰਪਿਤ, ਸੰਗੀਤ ਮੈਗਜ਼ੀਨ, ਪੰਨਾ. 8-9.

ਲੱਗਦਾ ਹੈ ਕਿ ਪੇੜ ਪੌਦਿਆਂ ਨੂੰ ਖਾਦ ਤੇ ਪਾਣੀ ਤੋਂ ਇਲਾਵਾ ਜੇਕਰ ਸੰਗੀਤ ਸੁਣਾਇਆ ਜਾਵੇ ਤੇ ਉਹਨਾਂ ਦੀ ਪੈਦਾਵਾਰ, ਵਜ਼ਨ ਤੇ ਗੁਣਾ ਨੂੰ ਹੋਰ ਵੀ ਵਧਾਇਆ ਜਾ ਸਕਦਾ ਹੈ। ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਸੰਗੀਤ ਜਿੰਨਾ ਪ੍ਰਭਾਵ ਮਨੁੱਖ ਅਤੇ ਪਸ਼ੂ ਪੰਛੀਆਂ ਤੇ ਜਾਨਵਰਾਂ ਤੇ ਪਾਉਂਦਾ ਹੈ, ਉਨਾ ਪ੍ਰਭਾਵ ਹੀ ਬਨਸਪਤੀ ਤੇ ਵੀ ਪਾਉਂਦਾ ਹੈ। ਨਾਦ ਤੱਤ ਵਿੱਚ ਅਜਿਹੀ ਅੰਤਰੀ ਤਾਕਤ ਮੌਜੂਦ ਹੈ। ਜਿਸ ਦੇ ਪ੍ਰਭਾਵ ਤੇ ਨਤੀਜੇ ਦ੍ਰਿਸ਼ ਰੂਪ ਵਿੱਚ ਸਾਨੂੰ ਵੇਖਣ ਨੂੰ ਮਿਲਦੇ ਹਨ।

(* ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)

---

ਪੁਸਤਕ ਰੀਵਿਊ :

# ਕਾਨਸੈਪਟ ਆਫ਼ ਸਾਧ ਸੰਗਤ ਇਨ ਸਿਖਇਜ਼ਮ

ਲੇਖਕ: ਸ. ਮੱਖਣ ਸਿੰਘ
ਰੀਵੀਉਕਾਰ : *ਡਾ. ਹਰਪ੍ਰੀਤ ਕੌਰ

ਹਾਲ ਹੀ ਵਿਚ ਆਈ ਸ. ਮੱਖਣ ਸਿੰਘ ਜੀ ਦੀ ਪੁਸਤਕ ਕਾਨਸੈਪਟ ਆਫ ਸਾਧ ਸੰਗਤ ਇਨ ਸਿਖਇਜ਼ਮ, ਸਿੱਖ ਧਰਮ ਨਾਲ ਸੰਬੰਧਤ ਬਹੁਤ ਹੀ ਪ੍ਰਾਸੰਗਿਕ ਵਿਸ਼ੇ ਦੀ ਧਾਰਨੀ ਹੈ। ਅਸਲ ਵਿਚ ਇਹ ਅੰਕ ਆਪਣੀ ਪਿਛਲੀ ਕਿਤਾਬ ਦੀ ਲੜੀ ਵਿਚ ਇਕ ਬਹੁਮੁੱਲਾ ਵਾਧਾ ਹੈ ਜਿਸ ਦਾ ਸਮੁੱਚੇ ਭਾਈਚਾਰੇ ਵੱਲੋਂ ਖਿੜੇ ਮੱਥੇ ਸੁਆਗਤ ਕੀਤਾ ਗਿਆ ਹੈ। ਭਾਰਤੀ ਅਤੇ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਕਾਨਫਰੰਸ ਵਿਚ ਆਏ ਬਹੁਤ ਸਾਰੇ ਲੇਖਕਾਂ, ਬੁੱਧੀਜੀਵੀਆਂ, ਅਕਾਦਮਿਕਾਂ ਅਤੇ ਵਿਦਵਾਨਾਂ ਵੱਲੋਂ, ਸ. ਮੱਖਣ ਸਿੰਘ ਜੀ ਦੁਆਰਾ ਆਪਣੀ ਕਿਤਾਬ ਲਈ ਲਏ ਗਏ ਇਸ ਵਿਸ਼ੇ ਦੀ ਸ਼ਲਾਘਾ ਕੀਤੀ ਗਈ। ਕਾਨਫਰੰਸ ਵਿਚ ਇਸ ਗੱਲ ਉਤੇ ਵੀ ਜ਼ੋਰ ਦਿੱਤਾ ਗਿਆ ਕਿ ਅਜੋਕੇ ਸਮੇਂ ਵਿਚ ਸਾਡੇ ਮਹਾਨ ਗੁਰੂਆਂ ਦੇ ਸਿਧਾਂਤਾਂ ਅਤੇ ਉਨ੍ਹਾਂ ਤੋਂ ਬਾਅਦ ਹੋਏ ਸਿੱਖ ਧਰਮ ਅਤੇ ਸਭਿਆਚਾਰ ਦੇ ਵਿਕਾਸ ਨੂੰ ਸਮੁੱਚੇ ਦੇਸ਼ ਦੀ ਨੌਜੁਆਨ ਪੀੜ੍ਹੀ ਤੱਕ ਪਹੁੰਚਾਉਣ ਦੀ ਲੋੜ ਹੈ।

ਹੱਥਲੀ ਕਿਤਾਬ ਕਾਨਸੈਪਟ ਆਫ ਸਾਧ ਸੰਗਤ ਇਨ ਸਿਖਇਜ਼ਮ ਦਾ ਰਿਲੀਜ਼ ਸਮਾਰੋਹ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ, ਦਿੱਲੀ ਯੂਨੀਵਰਸਿਟੀ ਦੇ ਸੈਮੀਨਾਰ ਰੂਮ ਵਿਚ ਕੀਤਾ ਗਿਆ। ਸਮਾਰੋਹ ਦਾ ਆਗਾਜ਼ ਕਾਲਜ ਦੀ ਡਿਵਨਿਟੀ ਸੋਸਾਇਟੀ ਦੇ ਸ਼ਬਦ ਗਾਇਨ ਨਾਲ ਹੋਇਆ ਜਿਸਨੇ ਸਾਧ-ਸੰਗਤ ਦੀ ਮਹੱਤਤਾ ਉਪਰ ਸ਼ਬਦ ਉਚਾਰ ਕੇ ਇਕ ਰੂਹਾਨੀ ਮਾਹੌਲ ਸਿਰਜ ਦਿੱਤਾ। ਵੱਖ ਵੱਖ ਖੇਤਰਾਂ ਤੋਂ ਆਏ ਸਿੱਖ ਭਾਈਚਾਰੇ ਨਾਲ ਸੰਬੰਧਤ ਕਈ ਵਿਦਵਾਨਾਂ ਨੇ ਵੱਡੀ ਗਿਣਤੀ ਵਿਚ ਇਸ ਪੁਸਤਕ ਦੇ ਰਿਲੀਜ਼ ਫੰਕਸ਼ਨ ਵਿਚ ਸ਼ਿਰਕਤ ਕੀਤੀ।

ਪ੍ਰਸਿੱਧ ਵਿਦਵਾਨ ਡਾ. ਹਰਬੰਸ ਲਾਲ, ਨੇ ਸ. ਮੱਖਣ ਸਿੰਘ ਨੂੰ ਆਪਣੀ ਸਾਧ ਸੰਗਤ ਨਾਲ ਸੰਬੰਧਤ ਇਸ ਪੁਸਤਕ ਦਾ ਅੰਗਰੇਜ਼ੀ ਅਨੁਵਾਦ ਕਰਨ ਦਾ ਵਿਚਾਰ ਪੇਸ਼ ਕੀਤਾ ਤਾਂਜੋ ਸਮੁੱਚੇ ਵਿਸ਼ਵ ਦਾ ਇਕ ਵੱਡਾ ਪਾਠਕ ਵਰਗ ਇਸ ਤੋਂ ਲਾਭ ਲੈ ਸਕੇ। ਉਨ੍ਹਾਂ ਨੇ ਇਸ ਕਿਤਾਬ ਦੇ ਅੰਗਰੇਜ਼ੀ ਅਨੁਵਾਦ ਦੀ ਉਪਲਬਧੀ ਨੂੰ 'ਸੁਪਨੇ ਦਾ ਸੱਚ' ਹੋਣਾ ਮੰਨਿਆ।

ਡਾ. ਜਸਪਾਲ ਸਿੰਘ, ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪੁਸਤਕ ਦੇ ਮੁਖਬੰਦ ਵਿਚ ਸਾਧ ਸੰਗਤ ਨੂੰ 'ਮੁੱਢਲੀ ਸੰਸਥਾ' ਕਿਹਾ ਹੈ। ਉਨ੍ਹਾਂ ਅਨੁਸਾਰ ਇਹ ਪੁਸਤਕ ਗੁਰਬਾਣੀ ਵਿਚ ਦਰਜ ਬਹੁਮੁੱਲੇ ਸਿਧਾਂਤਾਂ ਦਾ ਅਧਿਐਨ ਕਰਨ ਵਿਚ ਅਤੇ ਸਿੱਖ ਇਤਿਹਾਸ ਦੇ ਅਣਗੌਲੇ ਪੰਨਿਆਂ ਨੂੰ ਸਮਝਣ ਵਿਚ ਮਦਦ ਕਰੇਗੀ। ਉਨ੍ਹਾਂ ਦੇ ਵਿਚਾਰ ਮੁਤਾਬਿਕ, ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਦੀ ਜੀਵੰਤ ਵਿਰਾਸਤ ਨੂੰ, ਖਾਲਸਾ ਦੀ ਸੰਸਥਾ, ਨਿਰਭੈਅ ਸੰਤਾਂ ਅਤੇ ਯੋਧਾ ਦੇ ਇਕ ਸਮੂਹ ਵਿਚ ਤਬਦੀਲ ਕਰ ਦਿੱਤਾ ਜਿਸ ਦਾ ਇਕ ਹੀ ਉਦੇਸ਼ ਸੀ ਸ਼ੋਸ਼ਿਤ ਜਨਤਾ ਦੀ ਬਿਹਤਰੀ ਅਤੇ ਸੱਚਾਈ ਲਈ ਖੜੇ ਹੋਣਾ।

ਪ੍ਰੋ. ਪ੍ਰਿਥੀਪਾਲ ਸਿੰਘ, ਪਟਿਆਲਾ ਨੇ ਸ. ਮੱਖਣ ਸਿੰਘ ਜੀ ਵੱਲੋਂ ਕੀਤੀ ਗਈ ਸਾਧ ਸੰਗਤ ਦੀ ਪਰਿਭਾਸ਼ਾ, ਮਹੱਤਤਾ ਅਤੇ ਵਿਸ਼ੇਸ਼ਤਾਵਾਂ ਦੀ ਪੇਸ਼ਕਾਰੀ ਦੇ ਯਤਨਾਂ ਉਪਰ ਪ੍ਰਕਾਸ਼ ਪਾਇਆ। ਡਾ. ਜਸਵੰਤ ਸਿੰਘ ਨੇਕੀ ਨੇ ਕਿਹਾ ਕਿ ਇਸ ਕਿਤਾਬ ਦੀ ਮੁਖ ਵਿਸ਼ੇਸ਼ਤਾ ਇਹ ਹੈ ਕਿ ਕਥਨਾਂ ਨੂੰ ਪ੍ਰਮਾਣਿਤ ਕਰਨ ਲਈ ਗੁਰਬਾਣੀ ਵਿਚੋਂ ਕਈ ਉਦਾਹਰਣ ਲਏ ਗਏ ਹਨ ਤਾਂਜੋ ਪਾਠਕ ਇਸ ਦੀ ਗਹਿਰਾਈ ਨੂੰ ਸਮਝ ਸਕਣ। ਸ. ਕੁਲਮੋਹਨ ਸਿੰਘ ਨੇ ਇਸ ਪੁਸਤਕ ਨੂੰ ਸਿੱਖ ਪਰੰਪਰਾ ਦੀ ਮੁੱਢਲੀ ਸੰਸਥਾ ਨਾਲ ਸੰਬੰਧਤ, ਆਪਣੇ ਪ੍ਰਕਾਰ ਦੀ ਪਹਿਲੀ ਪੁਸਤਕ ਮੰਨਿਆ। ਪ੍ਰੋ. ਜਸਵੰਤ ਸਿੰਘ ਫੁੱਲ, ਸਾਬਕਾ ਪ੍ਰਿੰਸੀਪਲ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ, ਦਿੱਲੀ ਯੂਨੀਵਰਸਿਟੀ ਅਨੁਸਾਰ ਸ. ਮੱਖਣ ਸਿੰਘ ਦੁਆਰਾ ਵਰਤੀ ਗਈ ਭਾਸ਼ਾ ਸਪੱਸ਼ਟ ਅਤੇ ਆਸਾਨੀ ਨਾਲ ਸਮਝਣ ਯੋਗ ਹੈ। ਉਨ੍ਹਾਂ ਨੇ ਭਾਈ ਸਾਹਿਬ ਭਾਈ ਜੋਧ ਸਿੰਘ ਅਤੇ ਪ੍ਰਿੰਸੀਪਲ ਤੇਜਾ ਸਿੰਘ ਦੀ ਸਾਹਿਤਕ ਸ਼ੈਲੀ ਨਾਲ ਤੁਲਨਾ ਕਰਕੇ ਲੇਖਕ ਦੀ ਕਲਾਤਮਕ ਸੋਝੀ ਦੀ ਸ਼ਲਾਘਾ ਕੀਤੀ।

ਸਾਧ ਸੰਗਤ ਦੀ ਪਰੰਪਰਾ ਗੁਰੂਆਂ ਦੇ ਵੇਲੇ ਤੋਂ ਇਕ ਜੀਵੰਤ ਅਤੇ ਮਜ਼ਬੂਤ ਪਰੰਪਰਾ ਰਹੀ ਹੈ। ਇਹ ਇਕ ਅਜਿਹਾ ਸਾਧਨ ਹੈ ਜੋ ਲੋਕਾਂ ਨੂੰ ਉਦੇਸ਼ਪੂਰਨ ਜੀਵਨ ਜੀਉਣ ਵਿਚ ਸਹਾਇਕ ਬਣਦਾ ਹੈ। ਸਾਧ ਸੰਗਤ ਦੀ ਧਾਰਣਾ ਵਿਸ਼ੇਸ਼ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਸਫ਼ਰ ਵਿਚ ਸਰੂਪ ਧਾਰਦੀ ਹੈ। ਉਹ ਜਿਥੇ ਠਹਿਰਦੇ ਸੀ ਉਥੇ ਵੱਡੀ ਗਿਣਤੀ ਵਿਚ ਉਨ੍ਹਾਂ ਨੂੰ ਸੁਣਨ ਲਈ ਕਈ ਲੋਕ ਇਕੱਤਰ ਹੋ ਜਾਇਆ ਕਰਦੇ ਸੀ। ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਆਪਣੀਆਂ ਰਾਹਾਂ ਦੇ ਸਦੀਵੀ ਸਾਥੀ ਭਾਈ ਮਰਦਾਨਾ ਦੇ ਨਾਲ ਕੀਰਤਨ ਕਰਦੇ। ਸੰਗਤ, ਸ਼ਬਦ ਅਤੇ ਸੰਗੀਤ ਦੇ ਸੁਮੇਲ ਦਾ ਇਹ ਪਹਿਲਾ ਪ੍ਰਗਟਾਵਾ ਸੀ। ਭਾਈ ਗੁਰਦਾਸ ਨੇ ਕਰਤਾਰ ਪੁਰ ਦੀ ਧਰਤੀ 'ਤੇ, ਧਰਮਸਾਲ ਵਿਖੇ, ਸਾਧਾਂ-ਸੰਤਾਂ ਦੀ ਸੰਗਤ ਵਿਚ ਉਚਾਰੇ ਜਾਂਦੇ ਸ਼ਬਦ-ਕੀਰਤਨ ਰਾਹੀਂ ਬਣੇ ਸਵਰਗੀ ਮਾਹੌਲ ਦਾ ਵਰਣਨ ਕੀਤਾ ਹੈ।

ਜਦੋਂ ਗੁਰੂ ਅੰਗਦ ਦੇਵ ਕੀਰਤਨ ਕਰਦੇ ਤਾਂ ਸੱਤਾ ਬਲਵੰਡ ਰਬਾਬੀ, ਰਬਾਬ ਵਜਾਉਂਦੇ ਸੀ। ਗੁਰੂ ਅਮਰਦਾਸ ਜੀ ਦੇ ਸਮੇਂ, ਅੰਮ੍ਰਿਤ ਵੇਲੇ ਦੇ ਵਿਖਿਆਨ ਦੇ ਮੌਕੇ 'ਤੇ ਭਾਰੀ ਗਿਣਤੀ 'ਚ ਇਕੱਤਰ ਹੋਈ ਪਵਿੱਤਰ ਸੰਗਤ ਵਿਚ ਕੀਰਤਨ ਗਾਇਣ ਕੀਤਾ ਜਾਂਦਾ ਸੀ। ਗੁਰੂ ਅਮਰਦਾਸ ਜੀ ਦੁਆਰਾ ਸਥਾਪਿਤ ਕੀਤੀਆਂ ਗਈਆਂ ਮੰਜੀਆਂ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਬਣਾਏ ਗਏ ਮਸੰਦਾਂ ਨੇ ਸਾਧ ਸੰਗਤ ਦੀ ਨੀਂਹ ਨੂੰ ਹੋਰ ਮਜ਼ਬੂਤ ਕੀਤਾ ਅਤੇ ਇਸ ਨੂੰ ਵਿਹਾਰਕ ਰੂਪ ਪ੍ਰਦਾਨ ਕੀਤਾ। ਗੁਰੂ ਅਰਜਨ, 'ਬਾਣੀ ਦਾ ਬੋਹਿਥਾ' ਨੇ ਸੰਗਤ ਦੁਆਰਾ ਪਵਿੱਤਰ ਸੰਗਤੀ ਵਿਚ ਕੀਰਤਨ ਗਾਇਣ ਦੀ ਪਰੰਪਰਾ ਨੂੰ ਅੱਗੇ ਤੋਰਿਆ। ਅਸੀਮ ਖਜ਼ਾਨੇ ਦੇ ਰੂਪ ਵਿਚ ਪ੍ਰਾਪਤ ਹੋਇਆ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਆਦਿ ਗ੍ਰੰਥ ਇਕ ਅਜਿਹਾ ਮਹਾਨ ਗ੍ਰੰਥ ਹੈ ਜਿਸ ਵਿਚ ਗੁਰੂਆਂ, ਸੰਤਾਂ ਅਤੇ ਭਗਤਾਂ ਦੀ ਬਾਣੀ ਸ਼ਾਮਲ ਹੈ ਅਤੇ ਇਨ੍ਹਾਂ ਗੁਰੂਆਂ, ਸੰਤਾਂ ਅਤੇ ਭਗਤਾਂ ਨੇ ਸਾਧ ਸੰਗਤ ਦੀ ਧਾਰਨਾ ਦਾ ਵਰਣਨ ਕੀਤਾ ਹੈ। ਸੰਤ ਕਬੀਰ ਕਹਿੰਦੇ ਹਨ ਕਿ ਸਾਧ ਸੰਗਤ ਵਿਚ ਰਹਿ ਕੇ ਭਗਤੀ ਕਰਨ ਨਾਲ ਮੁਕਤੀ ਸੰਭਵ ਹੈ ਬਸ਼ਰਤੇ ਇਕ ਮਨੁੱਖ ਪੂਰੇ ਸ਼ਰਧਾ ਭਾਵ ਨਾਲ ਭਾਵੇਂ ਥੋੜ੍ਹੇ ਸਮੇਂ ਲਈ ਹੀ ਸਾਧ ਸੰਗਤ ਦੀ ਸੰਗਤੀ ਵਿਚ ਰਹੇ।

ਗੁਰੂ ਹਰਗੋਬਿੰਦ ਅਤੇ ਗੁਰੂ ਹਰਿਰਾਇ ਨੇ ਇਸ ਪ੍ਰਣਾਲੀ ਨੂੰ ਅੱਗੇ ਤੋਰਿਆ। ਗੁਰੂ ਤੇਗ ਬਹਾਦੁਰ ਨੇ ਇਸ ਦੀ ਸਰਪ੍ਰਸਤੀ ਕੀਤੀ ਅਤੇ ਰਾਗੀਆਂ ਨੂੰ ਪ੍ਰੋਤਸਾਹਿਤ ਕਰਨ ਲਈ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ। ਸਾਧ ਸੰਗਤ ਨੂੰ ਸੰਸਥਾਗਤ ਰੂਪ ਵਿਚ ਸਿਖਰ ‘ਤੇ ਲੈ ਜਾਉਣ ਦਾ ਕਾਰਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਜਿਨ੍ਹਾਂ ਨੇ ਰਹਿਤ ਮਰਿਯਾਦਾ ਬਣਾਈ ਅਤੇ ਸੰਤ ਸਿਪਾਹੀਆਂ ਦੇ ਭਾਈਚਾਰੇ ਨੂੰ ਇਕ ਵਿਸ਼ੇਸ਼ ਦਿੱਖ ਪ੍ਰਦਾਨ ਕੀਤੀ ਜੋ ਕਿ ਸਾਡੀ ਅਮੀਰ ਪਰੰਪਰਾ ਦਾ ਹਿੱਸਾ ਬਣ ਗਈ। ਖਾਲਸਾ ਗੁਰੂ-ਰੂਪ ਸਾਧ ਸੰਗਤ ਹੈ।

ਸਾਧ ਸੰਗਤ ਦਾ ਅਰਥ ਹੈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਧਾਰਮਕ ਤੌਰ 'ਤੇ ਇਕੱਤਰ ਹੋਏ ਲੋਕਾਂ ਦਾ ਇਕੱਠ, ਜਿਸ ਵਿਚ ਬਾਣੀ ਦਾ ਗਾਇਣ ਅਤੇ ਬਾਣੀ ਦੀ ਵਿਆਖਿਆ ਕੀਤੀ ਜਾਂਦੀ ਹੈ। ਕੀਰਤਨ, ਸੇਵਾ ਅਤੇ ਸਿਮਰਨ ਇਸ ਲਈ ਮਨੋਨੀਤ ਕੀਤਾ ਤਿੰਨ-ਪੱਧਰੀ ਮਾਰਗ ਹੈ। ਕੀਰਤਨ, ਗਾਇਕ ਅਤੇ ਸਰੋਤਾ ਦੋਨਾਂ ਦਾ ਉੱਦਾਤੀਕਰਨ ਕਰਦਾ ਹੈ। ਕਥਾ ਵਿਆਖਿਆਨ ਜਾਂ ਸ਼ਬਦ ਦੀ ਵਿਆਖਿਆ ਹਰੇਕ ਨੂੰ ਬਾਣੀ ਸਪੱਸ਼ਟ ਰੂਪ ਵਿਚ ਸਮਝਣ ਦੀ ਸੋਝੀ ਪ੍ਰਦਾਨ ਕਰਕੇ ਲਾਭਾਨਵਿਤ ਕਰਦੀ ਹੈ। ਪਰੰਤੂ ਸਾਧ ਸੰਗਤ ਨੂੰ ਸੇਵਾ ਤੋਂ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਸਗੋਂ ਇਹ ਮਨੁੱਖ ਨੂੰ ਸੇਵਾ ਲਈ ਪ੍ਰੇਰਿਤ ਕਰਦੀ ਹੈ। ਸਾਧ ਸੰਗਤ ਸਭ ਨੂੰ ਗਲੇ ਲਗਾਉਂਦੀ ਹੈ। ਬਿਨਾ ਕਿਸੇ ਭੇਦਭਾਵ ਜਾਂ ਵਿਤਕਰੇ ਦੇ ਹਰ ਕੋਈ ਇਸ ਵਿਚ ਸ਼ਾਮਲ ਹੋ ਸਕਦਾ ਹੈ ਅਤੇ ਧਿਆਨ ਜਾਂ ਸਿਮਰਨ-ਕੀਰਤਨ ਨਾਲ ਜੁੜ ਸਕਦਾ ਹੈ।

ਸਾਧ ਸੰਗਤ (ਸੱਚ ਦੀ ਸੰਗਤ ਮੰਗਣ ਵਾਲਾ) ਪਵਿੱਤਰ ਸੰਗਤ ਵਿਚ ਗੁਰੂ ਦੀ ਬਾਣੀ ਸਰਵਣ ਕਰਦਾ ਹੈ ਜੋ ਕਿ ਉਸ ਨੂੰ ਪਿਆਰ, ਸ਼ਰਧਾ ਅਤੇ ਆਪਣੇ ਆਪ ਨੂੰ ਉਸ ਪਰਮ ਪੁਰਖ ਪਰਮਾਤਮਾ ਦੀ ਅੱਗੇ ਸਮਰਪਿਤ ਕਰਨ ਦੀ ਭਾਵਨਾ ਨਾਲ ਭਰ ਦਿੰਦੀ ਹੈ ਅਤੇ ਇਸ ਪ੍ਰਕਾਰ ਸਾਧ ਸੰਗਤ, ਸਿੱਖ ਅਧਿਆਤਮਕਤਾ ਅਤੇ ਸਿੱਖ ਭਾਈਚਾਰੇ ਦੀ ਸਥਾਪਤੀ ਲਈ ਇਕ ਮਜਬੂਤ ਨੀਂਹ ਦਾ ਨਿਰਮਾਣ ਕਰਦੀ ਹੈ। ਸਾਧ ਸੰਗਤ ਦੇ ਪਵਿੱਤਰ ਇਕੱਠ ਵਿਚ ਸ਼ਾਮਲ ਹੋ ਕੇ ਮਨੁੱਖੀ ਜੀਵਨ ਅਤੇ ਮਾਨਸਿਕਤਾ ਵਿਚ ਨੈਤਿਕ ਮੁੱਲਾਂ ਦਾ ਸੰਚਾਰ ਕੀਤਾ ਜਾ ਸਕਦਾ ਹੈ। ਸਾਧ ਸੰਗਤ ਦੀ ਪਰੰਪਰਾ, ਮਨੁੱਖੀ ਜੀਵਨ ਤੋਂ ਬੁਰਾਈ ਨੂੰ ਮਿਟਾਉਣ ਵਿਚ ਅਤੇ ਮਨੁੱਖ ਦੇ ਆਤਮਕ ਗੁਣਾਂ ਦਾ ਵਿਕਾਸ ਕਰਦੇ ਹੋਏ ਉਸ ਦੇ ਅੰਦਰ ਚਾਨਣਾ ਕਰਨ ਵਿਚ ਉਸ ਦੀ ਸਹਾਇਕ ਬਣਦੀ ਹੈ। ਸਾਧ ਸੰਗਤ ਦਾ ਅਸਲ ਫਾਇਦਾ ਸਿਰਫ ਉਦੋਂ ਮਿਲ ਸਕਦਾ ਹੈ ਜਦੋਂ ਮਨੁੱਖ ਭੌਤਿਕ ਸੰਸਾਰ ਵਿਚ ਖਚਿਤ ਨਾ ਹੋਵੇ। ਪਵਿੱਤਰ ਪੁਰਖਾਂ ਦੀ ਸੰਗਤ, ਆਪਣੀਆਂ ਇੱਛਾਵਾਂ ਨੂੰ ਕਾਬੂ ਕਰਨ ਵਿਚ ਸਹਾਇਕ ਹੁੰਦੀ ਹੈ। ਵਿਹਾਰਕ ਤੌਰ ‘ਤੇ ਦੇਖਿਆ ਜਾਏ ਤਾਂ ਪਵਿੱਤਰ ਸੰਗਤ ਮਨੁੱਖ ਵਿਚੋਂ ਸਾਰੀਆਂ ਬੁਰਾਈਆਂ, ਅਹੰਕਾਰ ਅਤੇ ਮਾਨਸਿਕ ਦਵੰਦਾਂ ਨੂੰ ਦੂਰ ਕਰਕੇ ਉਸ ਵਿਚ ਦਇਆ, ਸੇਵਾ ਅਤੇ ਆਤਮ ਸਮਰਪਣ ਵਰਗੇ ਮੁੱਲਾਂ ਦਾ ਸੰਚਾਰ ਕਰਦੀ ਹੈ।

ਲੇਖਕ ਨੇ ਸਾਧ ਸੰਗਤ ਦੀ ਧਾਰਣਾ ਨਾਲ ਸੰਬੰਧਤ ਭਿੰਨ ਭਿੰਨ ਸਿਧਾਂਤਾਂ ਅਤੇ ਵਿਚਾਰਾਂ ਦਾ ਵਰਣਨ ਕੀਤਾ ਹੈ। ਸਾਧ ਸੰਗਤ ਦੇ ਸੇਵਾ, ਲੰਗਰ ਅਤੇ ਕੀਰਤਨ ਨਾਲ ਅੰਤਰ-ਸੰਬੰਧਾਂ ਉਪਰ ਨਿੱਠ ਕੇ ਚਰਚਾ ਕੀਤੀ ਗਈ ਹੈ। ਲੰਗਰ ਦੀ ਧਾਰਣਾ ਅਸਲ ਵਿਚ ਵਰਗ-ਆਧਾਰਿਤ ਸਮਾਜ ਵਿਚ ਇਕ ਵੱਡੇ ਸਮਾਜਕ ਪਰਿਵਰਤਨ ਦਾ ਆਗਾਜ਼ ਸੀ। ਸ. ਮੱਖਣ ਸਿੰਘ ਨੇ ਸਾਧ ਸੰਗਤ ਦੀ ਧਾਰਣਾ ਦੇ ਨਾਲ ਕੁ-ਸੰਗਤ (ਬੁਰੀ ਸੰਗਤ) ਦਾ ਸੰਕਲਪ ਵੀ ਪੇਸ਼ ਕੀਤਾ। ਕਬੀਰ ਨੇ ਲੋਕਾਂ ਨੂੰ ਬੁਰੀ ਸੰਗਤ ਤੋਂ ਦੂਰ ਰਹਿਣ ਦੀ ਹਿਦਾਇਤ ਦਿੱਤੀ ਹੈ। ਪਵਿੱਤਰ ਪੁਰਖਾਂ ਦੀ ਸੰਗਤ ਵਿਚ, ਸੁਖਾਵਾਂ ਮਾਹੌਲ ਸਿਰਜ ਕੇ ਕੀਤਾ ਗਿਆ ਨਾਮ ਸਿਮਰਨ, ਆਤਮਕ ਉਨੱਤੀ ਦੇ ਰਾਹ ਦੀ ਬਾਧਾ ਹਉਮੈ ਅਤੇ ਵਿਕਾਰ ਨੂੰ ਦੂਰ ਕਰਨ ਵਿਚ ਸਹਾਇਕ ਬਣਦਾ ਹੈ।

ਜਦਕਿ ਕੁ-ਸੰਗਤ ਤੋਂ ਹਰ ਕੀਮਤ 'ਤੇ ਅਤੇ ਹਰ ਹਾਲ ਵਿਚ ਚੇਤੰਨ ਤੌਰ 'ਤੇ ਬਚਣ ਦੀ ਲੋੜ ਹੈ। ਸਾਧ-ਸੰਗਤ ਸਮੁੱਚੇ ਭਾਈਚਾਰੇ ਦਾ ਪ੍ਰਤੱਖ ਰੂਪ ਹੈ ਅਤੇ ਸਮੂਹਕ ਦ੍ਰਿਸ਼ਟੀਕੋਣ ਤੋਂ ਲਏ ਫੈਸਲੇ ਵਧੇਰੇ ਸਾਰਥਕ ਹੁੰਦੇ ਹਨ।

ਸਾਧ ਸੰਗਤ ਦੇ ਸੰਕਲਪ ਦੀ ਸਿਧਾਂਤਕ ਵਿਆਖਿਆ ਦੇ ਨਾਲ ਨਾਲ ਲੇਖਕ ਨੇ ਆਧੁਨਿਕ ਮਸਲਿਆਂ ਉਪਰ ਵੀ ਧਿਆਨ ਕੇਂਦਰਿਤ ਕੀਤਾ ਹੈ ਅਤੇ ਇਸ ਕਾਰਜ ਲਈ ਉਸ ਨੇ ਇਤਿਹਾਸਿਕ ਸੰਸਥਾਵਾਂ ਤੋਂ ਹੱਲ ਲੱਭਣ ਦਾ ਯਤਨ ਕੀਤਾ ਹੈ। ਖਾਲਸਾ ਪੰਥ ਦੀ ਸਿਖਰ ਸਰਬੱਤ ਖਾਲਸਾ ਸਮੁੱਚੇ ਸਿਖ ਭਾਈਚਾਰੇ ਦੀ ਇਕ ਅਜਿਹੀ ਅਧਿਆਤਮਕ ਸ਼ਕਤੀ ਸੀ ਜਿਸ ਦਾ ਵਿਕਾਸ ਅਸ਼ਾਂਤ ਅਠਾਰ੍ਹਵੀਂ ਸਦੀ ਵਿਚ ਹੋਇਆ ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿਚ ਸਮੁੱਚੇ ਸਿੱਖ ਭਾਈਚਾਰੇ ਦੀ ਇਕਸਾਰਤਾ ਅਤੇ ਅਖੰਡਤਾ ਦਾ ਪ੍ਰਤੀਕ ਹੈ ਪਰੰਤੂ ਇਸ ਨੂੰ ਮੁੜ ਸੁਰਜੀਤ ਅਤੇ ਪੁਨਰਜੀਵਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਸੁਚੇਤ ਤੌਰ 'ਤੇ ਇਸ ਨੂੰ ਕਾਰਜਕਾਰਨੀ ਸ਼ਕਤੀਆਂ ਪ੍ਰਦਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਆਲ ਇੰਡੀਆ ਗੁਰਦੁਆਰਾ ਐਕਟ ਜਿਸਨੇ ਕਿ ਅਜੇ ਪਾਸ ਹੋਣਾ ਹੈ, ਭਾਰਤ ਅਤੇ ਵਿਦੇਸ਼ਾਂ ਵਿਚ ਰਹਿ ਰਹੇ ਭਾਈਚਾਰੇ ਨੂੰ ਇਕੋ ਕਲਾਵੇ ਵਿਚ ਬੰਨਣ ਅਤੇ ਸੇਧ ਦੇਣ ਦੀ ਸਮਰੱਥਾ ਰਖਦਾ ਹੈ। ਜੇਕਰ ਸਿੱਖ ਸੰਗਤਾਂ ਦੇ ਉਭਰ ਰਹੇ ਮਸਲਿਆਂ 'ਤੇ, ਸਮੂਹਕ ਤੌਰ 'ਤੇ ਵਿਚਾਰ-ਵਟਾਂਦਰਾ ਕੀਤਾ ਜਾਏ ਤਾਂ ਸਾਡੇ ਭਾਈਚਾਰੇ ਦੇ ਦਰਪੇਸ਼ ਸਮੱਸਿਆਵਾਂ ਨਾਲ ਸੁਹਿਰਦਤਾਪੂਰਵਕ ਨਜਿੱਠਿਆ ਜਾ ਸਕਦਾ ਹੈ।

ਸ. ਮੱਖਣ ਸਿੰਘ ਸਰਗਰਮ ਲੇਖਕ ਹਨ ਅਤੇ ਅਖ਼ਬਾਰਾਂ, ਰਸਾਲਿਆਂ, ਕਿਤਾਬਾਂ ਅਤੇ ਹੋਰ ਪ੍ਰਕਾਸ਼ਨਾਵਾਂ ਵਿਚ ਲਗਾਤਾਰ ਛਪਦੇ ਆਪ ਦੇ ਲੇਖ ਸਮੁੱਚੇ ਸਮਾਜ ਅਤੇ ਭਾਈਚਾਰੇ ਲਈ ਮੁੱਲਵਾਨ ਸੰਪਤੀ ਹਨ। ਪ੍ਰੇਰਣਾਤਮਕ ਪਹਿਲੂਆਂ ਨਾਲ ਸੰਬੰਧਤ ਆਪ ਦੀਆਂ ਲਿਖਤਾਂ ਸਾਡੇ ਭਾਈਚਾਰੇ ਲਈ ਅਨਮੋਲ ਹਨ। ਆਧੁਨਿਕ ਦੌਰ ਵਿਚ ਅਜੋਕੀ ਪੀੜ੍ਹੀ ਨੂੰ ਠੀਕ ਮਾਰਗ ਦਿਖਾਉਣ ਲਈ ਗੁਰੂਆਂ ਦੁਆਰਾ ਸਿਖਾਏ ਗਏ ਮੁੱਲਾਂ ਨੂੰ ਆਧੁਨਿਕ ਸਮੇਂ ਦੇ ਨਾਲ ਅੰਤਰ-ਸੰਬੰਧਤ ਕਰਨਾ, ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਇਸ ਤੋਂ ਪਹਿਲਾਂ, ਸ. ਮੱਖਣ ਸਿੰਘ ਦੁਆਰਾ ਪੰਜਾਬ ਅਤੇ ਸਿੰਧ ਬੈਂਕ ਵਿਚ ਆਪਣੇ ਕਾਰਜਕਾਲ ਦੌਰਾਨ ਕੀਤੀਆਂ ਗਈਆਂ ਸੇਵਾਵਾਂ, ਜਿਵੇਂ ਕਿ ਗੁਰੂਆਂ ਅਤੇ ਸਿੱਖ ਇਤਿਹਾਸ ਨਾਲ ਸੰਬੰਧਤ ਸਾਖੀਆਂ ਅਤੇ ਤੱਥਾਂ ਨੂੰ ਉਜਾਗਰ ਕਰਨ ਵਾਲੇ ਚਿੱਤਰਾਂ ਦਾ ਸਾਲਾਨਾ ਕੈਲੰਡਰ ਕੱਢਣਾ ਆਦਿ ਨੂੰ ਉਜਾਗਰ ਕੀਤਾ ਗਿਆ ਹੈ।

ਅਜੋਕੇ ਸਮੇਂ ਵਿਚ ਜਦਕਿ ਸਮਾਜ ਦਾ ਸਰੂਪ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ, ਅਜਿਹੇ ਵਿਦਿਅਕ ਯਤਨਾਂ ਦਾ ਹੋਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਮੇਰਾ ਪੂਰਨ ਵਿਸ਼ਵਾਸ ਹੈ ਕਿ ਅੱਜ ਪੰਜਾਬ ਸਿਰਫ ਆਪਣੀਆਂ ਭਾਰਤ ਵਿਚਲੀਆਂ ਸੀਮਾਵਾਂ ਤੱਕ ਹੀ ਸੀਮਿਤ ਨਹੀਂ ਰਿਹਾ ਸਗੋਂ ਵਿਦੇਸ਼ਾਂ ਵਿਚ ਵੀ ਵਧ-ਫੁੱਲ ਰਿਹਾ ਹੈ। ਇਸ ਲਈ, ਮੌਜੂਦਾ ਸਮੇਂ ਵਿਚ ਸਿੱਖੀ ਦੇ ਇਤਿਹਾਸ, ਵਿਰਾਸਤ ਅਤੇ ਮੁੱਲਾਂ ਨੂੰ ਇਕ ਅਜਿਹੀ ਭਾਸ਼ਾ ਵਿਚ ਪੇਸ਼ ਕਰਨਾ ਜ਼ਰੂਰੀ ਹੈ ਜੋ ਲੋਕਾਂ ਦੁਆਰਾ ਵਿਆਪਕ ਰੂਪ ਵਿਚ ਸਮਝੀ ਜਾਂਦੀ ਹੋਵੇ। ਅਜ ਦੇ ਵਿਸ਼ਵੀਕਰਨ ਦੇ ਦੌਰ ਵਿਚ ਅਸੀਂ ਇਕ ਗਲੋਬਲ ਪਿੰਡ ਵਿਚ ਰਹਿ ਰਹੇ ਹਾਂ ਜਿਸ ਵਿਚ ਭਿੰਨ ਭਿੰਨ ਸਭਿਆਚਾਰ ਅਤੇ ਵਿਸ਼ਵਾਸ ਹੁਣ ਨੇੜੇ ਆ ਰਹੇ ਹਨ। ਅਜੋਕੇ ਵੇਲੇ ਅਜਿਹੀਆਂ ਪੁਸਤਕਾਂ ਦੀ ਲੋੜ ਹੈ ਜੋ ਕਿ ਬਹੁ-ਭਾਸ਼ੀ ਪਾਠਕਾਂ ਦੀਆਂ ਲੋੜਾਂ ਨੂੰ ਪੂਰਿਆਂ ਕਰ ਸਕਣ।

(*ਵਾਈਸ ਪ੍ਰਿੰਸੀਪਲ, ਅਤੇ ਮੁਖੀ, ਰਾਜਨੀਤੀ ਵਿਗਿਆਨ ਵਿਭਾਗ,
ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ, ਪੀਤਮਪੁਰਾ, ਨਵੀਂ ਦਿੱਲੀ)

# ਗੁਰਬਾਣੀ ਲਈ ਕੰਪਿਊਟਰ ਦਾ ਪ੍ਰਯੋਗ

*** ਡਾ. ਸੋਨਦੀਪ ਮੋਂਗਾ**

ਆਧੁਨਿਕ ਮਨੁੱਖ ਜਾਤੀ ਗਿਆਨ ਅਤੇ ਤਕਨਾਲੋਜ਼ੀ ਦੇ ਉਤਪਾਦਨ ਵਿੱਚ ਸੰਗਠਿਤ ਪੈਦਾਵਾਰ ਦੇ ਅਸੀਮ ਵਾਧੇ ਦੀ ਸੰਭਾਵਨਾ ਪੈਦਾ ਕਰ ਰਹੀ ਹੈ। ਇਹ ਯੁੱਗ ਗਿਆਨ ਦੀ ਗਤੀਸ਼ੀਲਤਾ ਦਾ ਯੁੱਗ ਹੈ । ਜਿਸ ਨੂੰ ਕੰਪਿਊਟਰ ਯੁੱਗ ਅਤੇ ਇਨਫਰਮੇਸ਼ਨ ਟੈਕਨਾਲੋਜੀ ਦਾ ਯੁੱਗ ਵੀ ਕਿਹਾ ਜਾਂਦਾ ਹੈ। ਇਸ ਨੇ ਸਾਰੇ ਵਿਸ਼ਵ ਦੇ ਸੱਭਿਆਚਾਰਾਂ ਨੂੰ ਇੱਕ ਜੁੱਟ ਕਰ ਦਿੱਤਾ ਹੈ।ਪਰੰਤੂ ਅਜਿਹੇ ਵਿੱਚ ਗਿਆਨ ਦੀ ਉਪਯੋਗਤਾ ਤੇ ਸਾਰਥਕਤਾ ਤੇ ਵੱਡੇ ਪ੍ਰਸ਼ਨ ਚਿੰਨ ਖੜ੍ਹੇ ਹੋ ਗਏ ਹਨ ਕਿਉਂਕਿ ਇਹ ਸਿਰਫ ਮਸ਼ੀਨੀ ਸਾਧਨਾਂ ਦਾ ਪਸਾਰਾ ਹੈ ਗਿਆਨ ਦੀ ਗਤੀਸ਼ੀਲਤਾ (ਅਦਾਨ ਪ੍ਰਦਾਨ) ਹੈ ਉਸ ਦਾ ਸਦ–ਉਪਯੋਗੀ ਅਤੇ ਨੈਤਿਕਤਾ ਭਰਪੂਰ ਪਹਿਲੂ ਇਸ ਵਿੱਚੋਂ ਗਾਇਬ ਹੈ। ਸੱਚ ਹੈ ਕਿ ਸੁੱਚੇ ਗਿਆਨ ਦਾ ਵਿਧੀ–ਵਿਧਾਨ ਅਤੇ ਮਨੁੱਖੀ ਸ਼ਾਂਤੀ ਦਾ ਸਬੱਬ ਇਹ ਸਾਧਨ ਨਹੀਂ ਹੋ ਸਕਦੇ ਸਗੋਂ ਉਸ ਵਿੱਲਖਣ ਗਿਆਨ ਦੀ ਪ੍ਰਯੋਗਸ਼ੀਲਤਾ ਹੀ ਬਣ ਸਕਦੇ ਹਨ। ਜਿਵੇਂ ਕਿ ਬਲਵਿੰਦਰ ਸਿੰਘ ਆਪਣੇ ਲੇਖ 'ਦਿਮਾਗ ਅਤੇ ਕੰਪਿਊਟਰ ਦਾ ਮੇਲ' ਵਿੱਚ ਲਿਖਦੇ ਹਨ ਕਿ '**Computer –Brain Interface'** ਅਤੇ '**Brain to Brain Interface'** ਤਕਨੀਕ ਦੁਆਰਾ ਕੰਪਿਊਟਰ ਰਾਹੀਂ ਦਿਮਾਗੀ ਕੰਟਰੋਲ ਅਤੇ ਦਿਮਾਗਾਂ ਨੂੰ ਆਪਸ ਵਿੱਚ ਜੋੜਿਆ ਜਾ ਸਕਦਾ ਹੈ। ਇਸ ਨਾਲ ਇੱਕ ਮਸ਼ੀਨ ਇਨਸਾਨੀ ਹਿੱਸੇ ਦੇ ਤੌਰ ਤੇ ਕੰਮ ਕਰੇਗੀ । ਅਜਿਹੇ ਇਨਸਾਨ ਨੂੰ **Cyborg (Cybernetic Organism )'** ਕਿਹਾ ਜਾਂਦਾ ਹੈ ਅਤੇ ਕੇਵਿਨ ਵਾਰਵਿਕ ਇੱਕ ਬਰਤਾਨਵੀ ਪ੍ਰੋਫੈਸਰ ਹਨ, ਜੋ ਇਸ ਸੰਸਾਰ ਦੇ ਪਹਿਲੇ **Cyborg** (ਰੋਬੋਟ) ਹਨ।[1]

ਇਸੇ ਤਰਾਂ ਗੁਰਬਾਣੀ ਲਈ ਕੰਪਿਊਟਰ ਪ੍ਰਯੋਗ ਦੀ ਗੱਲ ਕਰਦੇ ਹਾਂ ਤਾਂ ਕੰਪਿਊਟਰ ਅੱਖਰਾਂ ਅਤੇ ਭਾਸ਼ਿਕ ਗਿਆਨ ਦਾ ਇੱਕ ਸਾਧਨ ਹੈ। ਭਾਵੇਂ ਅੱਜ ਗੁਰਬਾਣੀ ਅਤੇ ਸਿੱਖ ਧਰਮ ਬਾਰੇ ਕੰਪਿਊਟਰ ਉੱਤੇ ਵਿਸਥਾਰਪੂਰਵਕ ਜਾਣਕਾਰੀ ਉਪਲੱਬਧ ਹੈ ਅਤੇ ਅਨੇਕਾਂ ਵੈੱਬਸਾਇਟਾਂ ਤੇ ਸਾਫਟਵੇਅਰਾਂ ਦਾ ਵਿਕਾਸ ਹੋ ਚੁੱਕਾ ਹੈ । ਸੀ.ਬੀ. ਕੰਬੋਜ ਇਸ ਬਾਰੇ ਜਾਣੂ ਕਰਵਾਉਂਦੇ ਲਿਖਦੇ ਹਨ ਕਿ 'ਅਮਰੀਕਾ ਦੇ ਡਾ.ਕੁਲਬੀਰ ਸਿੰਘ ਅਤੇ ਆਸਟ੍ਰੇਲੀਆ ਦੇ ਡਾ. ਬਲਵੰਤ ਸਿੰਘ ਉੱਪਲ ਨੇ ਗੁਰਬਾਣੀ ਦਾ ਕੰਪਿਊਟਰੀਕਰਨ ਕਰਨ ਚ ਸ਼ਲਾਘਾਯੋਗ ਕੰਮ ਕੀਤਾ ਹੈ। ......... ਗੁਰਬਾਣੀ ਦੀ ਕੋਈ ਵੀ ਤੁਕ,ਸ਼ਬਦ , ਵਾਕਾਂਸ਼ ਆਦਿ ਬਾਰੇ ਜਾਣਕਾਰੀ ਦੇਣ ਵਾਲੇ ਸਰਚ ਇੰਜਨ ਨੂੰ 'ਸ਼੍ਰੀ ਗ੍ਰੰਥ' ਵੈਬੱਸਾਈਟ ਤੋਂ ਵਰਤਿਆ ਜਾ ਸਕਦਾ ਹੈ।[2] ਪਰੰਤੂ ਕੰਪਿਊਟਰ ਮਾਨਵੀ ਰਵੱਈਏ ਨੂੰ ਸਮਝ ਨਹੀ ਸਕਦਾ ,ਨਾ ਹੀ ਉਸ ਪ੍ਰਤਿ ਕ੍ਰਿਆ –ਪ੍ਰਤਿਕ੍ਰਿਆ ਦੀ ਕੋਈ ਕੜੀ ਸਿਰਜ ਸਕਦਾ ਹੈ। ਸਗੋਂ ਇਹ ਆਪਣੇ ਆਪ ਵਿੱਚ ਮਨੁੱਖ ਦੀ ਇੱਕ ਨਿੱਜੀ ਅਧਿਕਾਰਤ ਵਸਤੂ ਹੈ **Personal Possession** ਹੈ, ਜੋ ਮਨੁੱਖ ਨੂੰ ਪਾਰਗਾਮਿਤਾ ਦੇ ਸਬੰਧ ਦੀ ਕੋਈ ਸੋਝੀ ਪ੍ਰਦਾਨ ਨਹੀ ਕਰਦਾ। ਕੰਪਿਊਟਰ ਦੀ ਮਸ਼ੀਨੀ ਬਣਤਰ ਜਾਂ ਇਸ ਰਾਹੀਂ ਅਪਣਾਏ ਸਾਫਟਵੇਅਰ ਵਿੱਚ ਅਜਿਹਾ ਕੋਈ ਪ੍ਰੋਗਰਾਮ ਨਹੀ ਹੋ ਸਕਦਾ ਜੋ ਦਾਰਸ਼ਨਿਕਤਾ ਦੀ ਸੂਝ ਅਤੇ ਸੰਕਲਪਮੂਲਕਤਾ ਸਿਰਜ ਸਕੇ। ਇਹ ਕੰਪਿਊਟਰ ਦੀ ਵੱਡੀ ਸੀਮਾ ਹੈ।ਇਸ ਲਈ ਗੁਰਬਾਣੀ ਵਰਗੇ ਦਾਰਸ਼ਨਿਕ ਵਿਸ਼ੇ ਲਈ ਇਹ ਬਹੁਤੀ ਸਹਾਈ ਨਹੀਂ ਹੋ ਸਕਦੀ ਸਗੋਂ ਅੱਖਰਾਂ ਦੀ **Display** ਹੀ ਕਰ ਸਕਦੀ ਹੈ। ਜੋ ਇਕ ਸਮਾਜਿਕ ਪ੍ਰਕਿਰਿਆ ਦਾ ਹਿੱਸਾ ਹੀ ਬਣ ਸਕਦੀ ਹੈ । ਸਮਾਜਿਕ ਪ੍ਰਕਿਰਿਆ ਦੇ ਤੌਰ ਤੇ ਇਸ ਦੇ ਉਪਯੋਗ ਸਿੱਖਿਆ, ਕਿੱਤਾ ਖੇਤਰ, ਭਾਸ਼ਾ ਵਿਗਿਆਨ ਅਤੇ ਸਮਾਜਿਕ ਮੀਡੀਆ ਦੇ ਤੌਰ ਤੇ ਹੀ ਸੀਮਿਤ ਹਨ। ਸਗੋਂ ਇਹ ਅਤਿਕਥਨੀ ਨਹੀਂ ਕਿ ਕੰਪਿਊਟਰ ਵਰਗੀ ਮਸ਼ੀਨ ਦੇ ਕਈ ਤਰਾਂ ਦੇ ਨੁਕਸਾਨ ਵੀ ਸਾਹਮਣੇ ਆ ਰਹੇ ਹਨ। ਜਿਵੇਂ ਮਨੁੱਖ ਦੀ ਸਰੀਰਕ ਸਿਹਤ ਤੇ ਇਹ ਘਾਤਕ ਅਸਰ ਪਾਉਂਦਾ ਹੈ 'ਇਸ ਨਾਲ **C.V.S (Vision Syndrome)** ਹੋ ਜਾਂਦਾ ਹੈ ਤੇ **cathode Rays tube** ਰਾਹੀਂ **X- Ray radiations** ਨੁਕਸਾਨ ਪਹੁੰਚਾਉਂਦੀਆਂ ਹਨ'।[3]

ਅਸਲ ਵਿੱਚ ਇਹ ਮਨੁੱਖ ਦੀ ਮਾਨਸਿਕਤਾ ਲਈ ਵਧੇਰੇ ਨੁਕਸਾਨਦੇਹ ਹਨ। ਅੱਜ ਹਰੇਕ ਵਿਅਕਤੀ ਦੁਆਰਾ ਆਪਣੇ ਨਿੱਜਤਵ ਨੂੰ ਜਦੋਂ ਸਾਰੇ ਸੰਸਾਰ ਅੱਗੇ ਪੇਸ਼ ਕੀਤਾ ਜਾ ਰਿਹਾ ਹੈ ਤਾਂ ਇਸ ਵਿੱਚ ਜਾਲਸਾਜ਼ੀ ਅਤੇ ਸੂਚਨਾ ਦੇ ਦੁਰਉਪਯੋਗ ਦਾ ਡਰ ਬਣਿਆ ਰਹਿੰਦਾ ਹੈ ਕਈ ਦੁਰਲਭ ਸੂਚਨਾਵਾਂ ਦਾ ਜਨਤਕ ਹੋਣਾ ਸੰਸਾਰ ਲਈ ਵੱਡਾ ਆਤੰਕੀ ਖਤਰਾ ਹੈ। ਕੰਪਿਊਟਰ ਸੂਚਨਾਵਾਂ ਤੇ ਬਹੁਤ ਜ਼ਿਆਦਾ ਨਿਰਭਰਤਾ ਬਿਮਾਰ ਮਾਨਸਿਕਤਾ ਨੂੰ ਜਨਮ ਦਿੰਦੀ ਹੈ। ਇਸ ਨੂੰ ਖੋਜਕਰਤਾ ਸਿੱਧ ਕਰ ਚੁੱਕੇ ਹਨ **'According to the website 4ADHD researchers from some parts of the world, have coined the phrase 'Internet Addiction Disorder' IAD which they see 'as a psychological disorder that requires medical intervention, IAD is linked to individuals who display attention deficit Disorder, hostility, social phobia, low self-esteem.'**[4]

ਇਸ ਲਈ ਰੱਬੀ ਬਾਣੀ ਅਤੇ ਸ਼ਬਦ ਸੁਰਤਿ ਦੀ ਸਾਧਨਾ ਇਸ ਦੁਆਰਾ ਨਹੀਂ ਹੋ ਸਕਦੀ ਕਿਉਂਕਿ ਸ਼ਬਦ ਨਾਲ ਜੁੜਨਾ ਹੀ ਗੁਰਬਾਣੀ ਦਾ ਵਿਧੀ ਵਿਧਾਨ ਹੈ ਸੁਰਤਿ ਦਾ ਮੇਲ ਉਸ ਦੀ ਸ਼ਾਂਤੀ ਹੈ , ਜਿਸ ਦਾ ਸਬੱਬ ਕੰਪਿਊਟਰ ਨਹੀਂ ਬਣ ਸਕਦਾ ਫਿਰ ਇਸ ਬੇਲੋੜੇ ਸਾਧਨ ਦੀ ਜ਼ਰੂਰਤ ਕਿਉਂ ਘੱਟੋ-ਘੱਟ ਗੁਰਬਾਣੀ ਦੇ ਨਿਤਨੇਮ ਜਾਂ ਸਮਝ ਲਈ ਇਸ ਦੀ ਆਵਸ਼ਕਤਾ ਬੇਲੋੜੀ ਹੈ। 'ਬ੍ਰਹਮ ਅਵਸਥਾ ਵਿੱਚ ਪਹੁੰਚਣ ਤੋਂ ਪਹਿਲਾਂ ਨਿੱਜੀ ਮੈਂ ਦੇ ਵਿਕਾਸ ਦੀ ਅਵਸਥਾ ਉਸਦੀ ਸੁਰਤਿ ਅੰਦਰ ਸ਼ਬਦ ਦੇ ਪ੍ਰਕਾਸ਼ ਉੱਪਰ ਨਿਰਭਰ ਕਰਦੀ ਹੈ । ਹਰ ਸ਼ਬਦ ਇੱਕ ਚਿਹਨ ਹੈ -ਇੱਕ ਗੀਤਸ਼ੀਲ ਬਿੰਦੂ ਜੋ ਵਿਭਿੰਨ ਭਾਸ਼ਾਈ ਖੇਡਾਂ ਵਿੱਚ ਆਪਣਾ ਰੋਲ ਅਦਾ ਕਰਦਾ ਹੋਇਆ ਆਪਣੇ ਆਲੇ ਦੁਆਲੇ ਅਰਥਾਂ ਦਾ ਇੱਕ ਨੈੱਟਵਰਕ ਸਿਰਜਦਾ ਹੈ । ਗਤੀਸ਼ੀਲ ਬਿੰਦੂ ਦੀ ਇਹ ਯਾਤਰਾ ਉਨੀ ਦੇਰ ਤੱਕ ਚਲਦੀ ਰਹੇਗੀ ਜਿੰਨੀ ਦੇਰ ਤੱਕ ਕਿ ਇਹ ਨੈੱਟਵਰਕ ਸਮੇਂ ਸਥਾਨ ਦੀ ਸਮੁੱਚਤਾ ਦਾ ਇੱਕ ਸੰਗਠਿਤ ਕਾਸਮਿਕ ਡਿਜ਼ਾਇਨ ਨਹੀਂ ਬਣ ਜਾਂਦਾ।[5]

ਗੁਰਬਾਣੀ ਸ਼ਬਦ ਖੋਜ ਦਾ ਮਾਰਗ ਹੈ ਸ਼ਬਦ ਖੋਜ ਤੋਂ ਬਿਨਾਂ ਗੁਰਬਾਣੀ ਨੂੰ ਪੜ੍ਹਿਆ, ਸੁਣਿਆ, ਮੰਨਿਆ, ਸਿੱਖਿਆ ਤੇ ਪਾਇਆ ਨਹੀਂ ਜਾ ਸਕਦਾ। ਸ਼ਬਦ ਦਾ ਪ੍ਰਕਾਸ਼ ਹੀ ਪ੍ਰਮਾਤਮ ਸ਼ਕਤੀ ਦਾ ਅਹਿਸਾਸ ਹੈ ਉਸ ਤੱਕ ਪਹੁੰਚ ਵਿਧੀ ਹੈ ਪ੍ਰੰਤੂ ਇਸ ਨੂੰ ਨਿਰੇ ਅੱਖਰ ਸਮਝ ਲੈਣਾ ਵੀ ਠੀਕ ਨਹੀਂ ਕਿਉਂਕਿ ਇਹ ਅੱਖਰਾਂ ਤੋਂ ਪਾਰ ਦੀ ਅਵਸਥਾ ਹੈ ਜਿਸ ਲਈ ਜਿਗਿਆਸੂ ਨੂੰ ਭਾਵਨਾਤਮਕ ਦ੍ਰਿੜਤਾ ਸਹਿਤ ਧਰਮ ਦੇ ਮਾਰਗ ਤੇ ਚੱਲਣਾ ਪੈਂਦਾ ਹੈ, ਸ਼ਬਦ ਜੋਤ ਨਾਲ ਜੁੜ ਬੈਠਣਾ ਪੈਂਦਾ ਹੈ, ਇਸ ਨੂੰ ਧਾਰਨ ਕਰਕੇ ਸਹਿਜ ਪ੍ਰਗਟਾਵੇ ਦੀ ਸਿਰਜਣਾ ਕਰਨੀ ਹੁੰਦੀ ਹੈ। ਸ਼ਬਦ ਉਚਾਰਨ ਤੋਂ ਬਿਨਾਂ ਇਹ ਨਾਦ ਵਿੱਚ ਵਟ ਨਹੀਂ ਸਕਦਾ ਤੇ ਗੁਰਮਤੀ ਸ਼ਬਦ ਦੇ ਅਨੰਦ ਦਾ ਸਬੱਬ ਸਿਰਜਿਆ ਨਹੀਂ ਜਾ ਸਕਦਾ ਜਿਵੇਂ ਕਿ ਗੁਰਬਾਣੀ ਦਾ ਕਥਨ ਹੈ :

ਉਥੈ ਅਨਹਦ ਸ਼ਬਦ ਵਜਹਿ ਦਿਨੁ ਰਾਤੀ ਗੁਰਮਤੀ ਸ਼ਬਦ ਸੁਣਾਵਣਿਆ।[6]

ਅਸਲ ਵਿੱਚ ਸ਼ਬਦ ਸਰੂਪ ਇੱਕ ਕੜੀ ਹੈ ਜੋ ਮਨੁੱਖੀ ਚੇਤਨਾ ਅਤੇ ਅੰਨਤਤਾ ਦੇ ਵਾਲੀ ਵਿੱਚ ਸੰਬੰਧ ਸਥਾਪਿਤ ਕਰਦੀ ਹੈ ਇਸ ਨੂੰ ਇੱਕ ਨਿਰੰਤਰ ਸਿਲਸਲੇ ਦੇ ਤੌਰ ਤੇ ਅੱਗੇ ਤੋਰਦੀ ਹੈ। ਉਹਨਾਂ ਨੇ ਸ਼ਬਦ ਸ਼ਕਤੀ ਨੂੰ ਗਿਆਨ ਸ੍ਰੋਤ ਵਜੋਂ ਸਵੀਕਾਰਿਆ :

ਜੀਆ ਅੰਦਰ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ।[7]

ਸੰਸਾਰ ਦੇ ਸਮੁੱਚੇ ਦਰਸ਼ਨ ਸ਼ਾਸਤਰ ਵਿੱਚ ਇਹ ਜਟਿਲ ਰਿਸ਼ਤੇ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਪਰ ਗੁਰਬਾਣੀ ਇਸ ਨੂੰ ਹੀ ਸਰਲ ਅਧਿਆਤਮਕ ਮਾਰਗ ਵਜੋਂ ਪਛਾਣਦੀ ਹੈ ਜਿਵੇਂ ਇੱਕ ਬੱਚਾ ਹਨੇਰੇ ਵਿੱਚ ਆਪਣੀ ਮਾਂ ਨੂੰ ਆਵਾਜ਼ ਰਾਹੀਂ ਹੀ ਪੁਕਾਰਦਾ ਅਤੇ ਪਹਿਚਾਣਦਾ ਹੈ, ਇਸੇ ਤਰਾਂ ਸੰਸਾਰੀ

ਅਗਿਆਨਤਾ ਦੇ ਹਨੇਰੇ ਵਿੱਚ ਪਰਮਾਤਮਾ ਰੂਪੀ ਸਿਰਜਣਹਾਰ ਨਾਲ ਜੀਵ ਸ਼ਬਦ ਰਾਹੀਂ ਟੇਕ ਸਥਾਪਿਤ ਕਰਦਾ ਹੈ।

ਬਿਨੁ ਸਬਦੈ ਅੰਤਰਿ ਆਨੇਰਾ
ਨ ਵਸਤੁ ਲਹੈ ਨ ਚੂਕੇ ਫੇਰਾ।[8]

ਇਸ ਤਰਾਂ ਸਿੱਖ ਚਿੰਤਨ ਵਿੱਚ ਸ਼ਬਦ ਨੂੰ ਧਰਮ ਸੱਭਿਆਚਾਰ ਤੇ ਮਰਯਾਦਾ ਦਾ ਵੀ ਕੇਂਦਰੀ ਬਿੰਦੂ ਸਵੀਕਾਰ ਕੀਤਾ ਹੈ । ਸ਼ਬਦ ਨੂੰ ਗੁਰੂ ਦਾ ਦਰਜਾ ਦੇ ਕੇ ਸਿੱਖ ਗੁਰੂ ਸਾਹਿਬਾਨ ਨੇ ਨਿਵਾਜਿਆ ਅਤੇ ਜਿਸਨੂੰ ਸੰਸਾਰ ਕਲਿਆਣ ਹਿੱਤ ਉਚਾਰਨ ਦੀ ਵਿਸ਼ੇਸ਼ ਵਿਧੀ ਦਰਸਾਈ :

ਸ਼ਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨਾ।[9]

ਕਿਉਂਕਿ ਇਹ ਮਹਾਂਪੁਰਖਾਂ ਦੀ ਬਾਣੀ ਹੈ ਇਸ ਲਈ ਇਸ ਤਰਾਂ ਇਸ ਦੀ ਇੱਕ ਵਿਸ਼ੇਸ਼ ਤੇ ਵਿਲੱਖਣ ਉਚਾਰਨ ਵਿਧੀ ਅਤੇ ਰਾਗਬੱਧ ਲਹਿਜਾ ਹੈ। ਇਸਨੂੰ ਸ਼ਰਧਾ ਅਤੇ ਵਿਸ਼ਵਾਸ ਨਾਲ ਆਪਣੇ ਹਿਰਦੇ ਵਿੱਚ ਬਠਾਉਣ ਦਾ ਹੁਕਮ ਹੈ :

ਬਾਣੀ ਗੁਰੂ ਗੁਰੂ ਹੈ ਬਾਣੀ ਵਿੱਚ ਬਾਣੀ ਅੰਮ੍ਰਿਤ ਸਾਰੇ
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।[10]

ਇਸ ਤਰਾਂ ਗੁਰਬਾਣੀ ਦੀ ਗ੍ਰਹਿਣਸ਼ੀਲਤਾ ਗੁਰੂ ਦਰਜੇ ਨੂੰ ਸਨਮੁਖ ਰੱਖ ਕੇ ਹੁੰਦੀ ਹੈ ਜਿਸ ਵਿੱਚ ਗੁਰੂ ਗਿਆਨ ਨੂੰ ਪ੍ਰਤੱਖ ਹਾਜ਼ਰ ਨਾਜ਼ਰ ਮੰਨ ਕੇ ਉਸਤਤ ਹੁੰਦੀ ਹੈ ਤੇ ਜਿਸ ਨਾਲ ਮਨੁੱਖ ਧਰਮ ਖੰਡ ਤੋਂ ਸਚਖੰਡ ਤੱਕ ਦਾ ਸਫਰ ਤਹਿ ਕਰਦਾ ਹੈ। ਗੁਰਬਾਣੀ ਦੀ ਗ੍ਰਹਿਣਸ਼ੀਲਤਾ ਵਿੱਚ ਕਿਸੇ ਵੀ ਤਰਾਂ ਦੀ ਸਹਾਇਕ ਸਮੱਗਰੀ ਦੀ ਵਿਸ਼ੇਸ਼ ਆਵਸ਼ਕਤਾ ਨਹੀਂ ਹੈ ਜਿਵੇਂ ਕਿ ਕੰਪਿਊਟਰ ਯੋਗਤਾ। ਇਸ ਤੋਂ ਬਿਨਾਂ ਹੀ ਇਹ ਇੱਕ ਸਹਿਜ ਪਠਨ-ਪਾਠਨ ਪ੍ਰਕ੍ਰਿਆ ਹੈ, ਜਿਸ ਦੀ ਰਾਗਾਤਮਕ ਵਿਲੱਖਣਤਾ ਨੂੰ ਸਾਜ਼ ਤੇ ਧੁਨ ਦੀ ਸਹਿਯੋਗਤਾ ਲੋੜੀਂਦੀ ਹੈ ਜਿਸ ਲਈ ਵੀ ਵਿਸ਼ੇਸ਼ ਨਿਯਮ ਅਤੇ ਰਹਿਤ ਦਾ ਨਿਰਧਾਰਨ ਕੀਤਾ ਗਿਆ ਹੈ। ਸਗੋਂ ਇੰਜ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਗੁਰਮਤਿ ਫਿਲਾਸਫੀ ਦੀ ਗ੍ਰਹਿਣਸ਼ੀਲਤਾ ਵਿੱਚ ਕੰਪਿਊਟਰ ਦੀ ਵਰਤੋਂ ਇੱਕ ਬੇਲੋੜੀ ਸਹਾਹਿਕ ਸਮੱਗਰੀ ਦੀ ਤਰਾਂ ਸਮਝੀ ਜਾ ਸਕਦੀ ਹੈ । ਹਾਂ ਇਸ ਦੀ ਸਮੇਂ ਅਤੇ ਸਥਾਨ ਦੀ ਉਪਯੋਗਤਾ ਨਾਮ ਸਿਮਰਨ ਵਿੱਚ ਕੁਝ ਕੁ ਸਹਾਈ ਹੋ ਸਕਦੀ ਹੈ ਜਾਂ ਦੂਸਰੇ ਮਤਾਂ ਅਤੇ ਭਾਸ਼ਾ ਵਾਲੇ ਵਿਅਕਤੀਆਂ ਨੂੰ ਭਾਸ਼ਿਕ ਪੱਧਰ ਤੇ ਕੁਝ ਇਸਦਾ ਲਾਭ ਹੋ ਸਕਦਾ ਹੈ ਪਰੰਤੂ ਇਸਨੂੰ ਗੁਰਬਾਣੀ ਦਰਸ਼ਨ ਵਿੱਚ ਪ੍ਰਯੋਗ ਲਈ ਬਹੁਤਾ ਉਪਯੋਗੀ ਸਿੱਧ ਨਹੀਂ ਕੀਤਾ ਜਾ ਸਕਦਾ ।

*ਪੰਜਾਬੀ ਵਿਭਾਗ, ਸਰਕਾਰੀ ਕਾਲਜ, ਰੂਪਨਗਰ।

---

**ਹਵਾਲੇ ਅਤੇ ਟਿੱਪਣੀਆਂ :**


(1) ਬਲਵਿੰਦਰ ਸਿੰਘ, ਦਿਮਾਗ ਅਤੇ ਕੰਪਿਊਟਰ ਦਾ ਮੇਲ, ਅਜੀਤ ਮੈਗਜ਼ੀਨ ਐਤਵਾਰ, 1 ਦਸੰਬਰ, 2013
(2) ਸੀ.ਬੀ. ਕੰਬੋਜ 'ਗੁਰਬਾਣੀ ਦਾ ਅਧਿਐਨ ਕੰਪਿਊਟਰ ਤੇ', ਅਜੀਤ ਅਖਬਾਰ ਅੰਕ ਐਤਵਾਰ , 9 ਫਰਵਰੀ 2014
(3) Available on www.slideshare.net
(4) By Tim Mc Quade . eHow contributor, Negatives of Computer on society . available on www.ehow.Com
(5) ਵਿਸਮਾਦੁ ਨਾਦ, ਵਿਸ਼ੇਸ਼ ਅੰਕ, ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼ ਲੁਧਿਆਣਾ, ਜਨਵਰੀ 1994, ਪੰਨਾ 14
(6) ਆਦਿ ਗ੍ਰੰਥ
(7) ਆਦਿ ਗ੍ਰੰਥ, ਪੰਨਾ 1250
(8) ਆਦਿ ਗ੍ਰੰਥ, ਪੰਨਾ 128
(9) ਆਦਿ ਗ੍ਰੰਥ, ਪੰਨਾ 635
(10) ਆਦਿ ਗ੍ਰੰਥ, ਪੰਨਾ 972

## ਰਾਗ ਉੱਤਰੀ ਗੁਣਕਲੀ (ਦਾਦਰਾ ਤਾਲ) - ਗੁਰਬਖ਼ਸ਼ ਸਿੰਘ ਰਚਿਤ ਪੁਸਤਕ "**ਰਾਗਾਂਜਲੀ**" ਵਿਚੋਂ

Website:http://www.gurbaniraags.com

ਇਸ ਅਤੀ ਅਪ੍ਰਚਲਤ ਰਾਗ ਵਿੱਚ ਕੋਮਲ-ਰਿਖਬ ਆਸਾਵਰੀ ਅਤੇ ਭੈਰਵੀ ਦਾ ਬਹੁਤ ਸੂਖਮ ਮੇਲ ਹੈ। ਇਸ ਸੰਪੂਰਨ ਰਾਗ ਵਿੱਚ ਸਾਰੇ ਸੁਰ ਕੋਮਲ, ਵਾਦੀ ਖਰਜ ਅਤੇ ਸੰਵਾਦੀ ਪੰਚਮ ਹੈ। ਇਸ ਰਾਗ ਵਿੱਚ ਮ-ਸ ਦਾ ਸੰਵਾਦ ਵੀ ਮੰਨ ਸਕਦੇ ਹਾਂ। ਮੱਧਯਮ ਸੁਰ ਇਸ ਰਾਗ ਵਿੱਚ ਨਿਆਸ ਦਾ ਸੁਰ ਵੀ ਹੈ ਅਤੇ ਕਈ ਵਾਰੀ ਖਰਜ ਤੋਂ ਸਿੱਧਾ ਮੱਧਯਮ ਉੱਤੇ ਜਾਣ ਨਾਲ ਅਤੇ ਅਵਰੋਹ ਵਿੱਚ ਗੰਧਾਰ ਵਕ੍ਰ ਹੋਣ ਕਰਕੇ ਰਾਗ ਦਾ ਮੁੱਖ ਅੰਗ ਸਾਹਮਣੇ ਆਉਂਦਾ ਹੈ। ਆਰੋਹ ਕਰਦੇ ਸਮੇਂ ਧੈਵਤ ਉੱਤੇ ਨਿਖਾਦ ਦਾ ਕਣ ਅਤੇ ਅਵਰੋਹ ਸਮੇਂ ਗੰਧਾਰ ਉੱਤੇ ਪੰਚਮ ਦਾ ਕਣ ਰਾਗ ਨੂੰ ਨਿਖੇੜਦਾ ਹੈ।

**ਚਾਲ**: ਰੁ ਨ਼ੁ ਸ ਰੁ [ਮ]ਗੁ ਮ, ਗੁ ਮ ਪ - ਗੁ ਮ ਰੁ - ਸ, ਸ [ਗ]ਰੁ ਗੁ ਮ, ਗੁ ਮ ਰੁ ਸ, ਸ ਰੁ ਨ਼ੁ ਸ, ਮ - ਮ ਪ [ਪ]ਗੁ - ਪ ਧੁ ਮ ਪ ਗੁ - ਰੁ ਸ, ਸ - ਰੁ [ਮ]ਗੁ ਮ - [ਨ]ਧੁ - ਮ ਪ [ਪ]ਗੁ - ਨੁ ਧੁ ਮ ਪ ਗੁ - ਗੁ ਮ ਰੁ ਸ, ਮ਼ ਗੁ ਪ - ਨੁ ਧੁ ਪ ਮ, ਪ ਧੁ ਨੁ ਧੁ ਮ ਪ ਗੁ - ਮ, [ਨ]ਧੁ - ਨੁ ਧੁ ਸਂ, ਗੁ ਮ ਪ ਨੁ ਧੁ ਪ - ਪ [ਨ]ਧੁ ਨੁ ਸਂ, ਗੁਂ ਰੁਂ ਸਂ ਨੁ ਸਂ - [ਨ]ਧੁ ਪ, ਗੁ ਮ ਰੁ ਸ - ਮ ਗੁ [ਮ]ਰੁ - ਸ - ਮ।

### ਅਸਥਾਈ

| | | | | | | | | | | | |
|---|---|---|---|---|---|---|---|---|---|---|---|
| ਸ | ਮ | - | ਪ | [ਮ]ਗੁ | -ਗੁ | ਪ | - | ਪ | ਧੁ | ਮ | - |
| ਰ | ਤੇ | ऽ | ਇਸ | ਕ | ऽਖੁ | ਦਾ | ऽ | ਇ | ਦੇ | ऽ | ऽ |
| [ਗ]ਰੁ | ਰੁ | -ਰੁ | ਰੁ | - | ਗੁਮ | [ਮ]ਸ | - | - | - | - | - |
| ਰੰ | ਗ | ऽਦੀ | ਦਾ | ऽ | ऽਰੁ | ਕੇ | ऽ | ऽ | ऽ | ऽ | ऽ |
| [ਸ]ਨੁ | ਨੁ | ਨੁ | ਗੁਂ | ਰੁਂ | ਰੁਂ | ਸਂ | - | -ਨੁ | [ਨ]ਧੁ | ਪ | -ਪੁ |
| ਵਿ | ਸ | ਰਿ | ਆ | ਜਿ | ਨ | ਨਾ | ऽ | ऽऽ | ਮ | ऽ | ऽਤੇ |
| [ਪ]ਗੁ | ਪ | - | ਧੁ | ਮ | ਪ | [ਪ]ਗੁ | - | ਮ | ਰੁ | ਸ | - |
| ਭੁ | ਇ | ऽ | ਭਾ | ਰ | ਥੀ | ਏ | ऽ | ऽ | ऽ | ऽ | ऽ |
| x | | | 0 | | | x | | | 0 | | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪ | ਪ | ਪ | ਧੁ | ਮ | ਮਪ | ਗੁ | - | ਮਗੁ | ਪ | - | - |
| ਆ | ਪ | ਲੀ | ਏ | ऽ | ਲੜ | ਲਾ | ऽ | ऽऽ | ਇ | ऽ | ऽ |
| ਨੁਨੁ | ਸਂ | ਸਂ | [ਨ]ਧੁ | ਨੁ | ਧੁ | ਪ | - | - | - | - | ਨੁਧੁ |
| ਦੁਰ | ਦ | ਰ | ਵੇ | ऽ | ਸ | ਸੇ | ऽ | ऽ | ऽ | ऽ | ਤ੍ਰਿਨ |
| ਸਂ | ਸਂ | ਸਂ | ਨੁ | ਗੁਂ | ਰੁਂ | ਸਂ | - | -ਨੁ | ਧੁ | ਪ | - |
| ਧ | ਨ | ਜ | ਣੇ | ਦੀ | ऽ | ਮਾ | ऽ | ऽऽ | ਉ | ऽ | ऽ |
| [ਪ]ਗੁ | ਪ | - | ਧੁ | ਮ | ਪ | [ਪ]ਗੁ | - | ਮਗੁ | ਮ | - | -, |
| ਆ | ਏ | ऽ | ਸ | ਫ | ਲ | ਸੇ | ऽ | ऽऽ | ऽ | ऽ | ऽ, |
| ਸ | ਮ | - | | | | | | | | | |
| ਰ | ਤੇ | ऽ | | | | | | | | | |
| x | | | 0 | | | x | | | 0 | | |

*(ਸੁਰਲਿਪੀ ਵਾਲੇ ਸ਼ਬਦ ਦੇ ਅਰਥਾਂ ਲਈ ਵੇਖੋ ਪੰਨਾ 3)*

Postal Regd. No. CH/0045/2015-2017 RNI Regd.No. 46788/89 ISSN 0972-2335

